# Samaj Weekly
# ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 241 | 09/02/2026 | www.samajweekly.com | samajweekly | @samajweekly | samajweekly


# ਜੇਲ੍ਹ ’ਚ ਬੰਦ ਕਿਸਾਨਾਂ ਦੀ ਰਿਹਾਈ ਲਈ ਉਗਰਾਹਾਂ ਦੀ ਸਰਕਾਰ ਨੂੰ ਚਿਤਾਵਨੀ

## ਸਰਕਾਰ ਨੂੰ 14 ਫਰਵਰੀ ਤੱਕ ਦਾ ਦਿੱਤਾ ਸਮਾਂ

**ਬਰਨਾਲਾ।** ਕਿਸਾਨ ਜਥੇਬੰਦੀ ਬੀਕੇਯੂ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਹੈ ਕਿ ਸਰਕਾਰ ਅਤੇ ਬਠਿੰਡਾ ਪ੍ਰਸ਼ਾਸਨ ਵਾਰ-ਵਾਰ ਵਾਅਦੇ ਕਰਕੇ ਮੁੱਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜੇਲ੍ਹ ਵਿੱਚ ਬੰਦ ਕਿਸਾਨ ਆਗੂਆਂ (ਬਲਦੇਵ ਸਿੰਘ ਅਤੇ ਸ਼ਗਨਦੀਪ ਸਿੰਘ) ਨੂੰ ਰਿਹਾਅ ਕਰਾਉਣ ਲਈ ਹੁਣ ਸਰਕਾਰ ਨੂੰ 14 ਫ਼ਰਵਰੀ ਤੱਕ ਦਾ ਸਮਾਂ ਦਿੱਤਾ ਗਿਆ ਹੈ। ਉਗਰਾਹਾਂ ਨੇ ਦੋਸ਼ ਲਾਇਆ ਕਿ ਸਰਕਾਰ ਮਸਲਾ ਹੱਲ ਕਰਨ ਦੀ ਬਜਾਏ ਕਿਸਾਨਾਂ 'ਤੇ ਲਾਠੀਚਾਰਜ ਕਰ



ਰਹੀ ਹੈ ਅਤੇ ਝੂਠੇ ਪਰਚੇ ਦਰਜ ਕਰ ਰਹੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ 14 ਤਾਰੀਖ਼ ਤੱਕ ਕਿਸਾਨ ਰਿਹਾਅ ਨਾ ਕੀਤੇ ਗਏ, ਤਾਂ ਜਥੇਬੰਦੀ ਕੋਈ ਵੱਡਾ ਕਦਮ ਚੁੱਕੇਗੀ।

ਉਨ੍ਹਾਂ ਇਹ ਵੀ ਮੰਗ ਕੀਤੀ ਕਿ ਕਿਸਾਨਾਂ 'ਤੇ ਦਰਜ ਕੀਤੇ ਪੁਲੀਸ ਕੇਸ ਤੁਰੰਤ ਰੱਦ ਕੀਤੇ ਜਾਣ। ਉਨ੍ਹਾਂ ਮੁਤਾ-ਬਕ ਇਹ ਆਗੂ ਸਕੂਲਾਂ ਵਿੱਚ ਭ੍ਰਿਸ਼ਟਾਚਾਰ ਅਤੇ ਜ਼ਮੀਨਾਂ ਬਚਾਉਣ ਦੀ ਲੜਾਈ ਲੜ ਰਹੇ ਸਨ, ਜਿਸ ਕਾਰਨ ਉਨ੍ਹਾਂ ਨੂੰ ਜੇਲ੍ਹ ਵਿੱਚ ਡੱਕਿਆ ਗਿਆ ਹੈ।

# ਗੈਂਗਸਟਰਾਂ ਦੇ ਖਾਤਮੇ ਲਈ ਅਪਰੇਸ਼ਨ ਪ੍ਰਹਾਰ-2 ਦਾ ਆਗਾਜ਼

**ਚੰਡੀਗੜ੍ਹ।** ਪੰਜਾਬ ਪੁਲੀਸ ਵੱਲੋਂ ਸੂਬੇ ਵਿੱਚੋਂ ਗੈਂਗਸਟਰਾਂ ਦਾ ਖਾਤਮਾ ਕਰਨ ਲਈ 9 ਫਰਵਰੀ ਤੋਂ 72 ਘੰਟਿਆਂ ਲਈ ਅਪਰੇਸ਼ਨ ਪ੍ਰਹਾਰ-2 ਚਲਾਇਆ ਜਾਵੇਗਾ। ਇਸ ਦੌਰਾਨ ਦੋ ਹਜ਼ਾਰ ਤੋਂ ਵੱਧ ਟੀਮਾਂ ਵੱਲੋਂ ਸੂਬੇ ਭਰ ਵਿੱਚ ਛਾਪੇ ਮਾਰੇ ਜਾਣਗੇ। ਇਹ ਜਾਣਕਾਰੀ ਡੀ ਜੀ ਪੀ ਗੌਰਵ ਯਾਦਵ ਨੇ ਚੰਡੀਗੜ੍ਹ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ। ਉਨ੍ਹਾਂ ਕਿਹਾ ਕਿ ਪੁਲੀਸ ਕਮਿਸ਼ਨਰ ਅਤੇ ਐੱਸ ਐੱਸ ਪੀ ਇਸ ਮੁਹਿੰਮ ਦੀ ਅਗਵਾਈ ਕਰਨਗੇ। ਡੀ ਜੀ ਪੀ ਨੇ ਦੱਸਿਆ ਕਿ ਆਪ੍ਰੇਸ਼ਨ ਪ੍ਰਹਾਰ-1 ਦੌਰਾਨ ਸੂਬੇ ਵਿੱਚ 17,603 ਥਾਵਾਂ ’ਤੇ ਛਾਪੇ ਮਾਰੇ ਗਏ ਅਤੇ 5,290 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਵਿੱਚ ਗੈਂਗਸਟਰ ਤੇ ਉਨ੍ਹਾਂ ਨਾਲ ਜੁੜੇ ਅਪਰਾਧੀ ਸ਼ਾਮਲ ਹਨ। ਉਨ੍ਹਾਂ ਦੇ ਕਬਜ਼ੇ ’ਚੋਂ 128 ਹਥਿਆਰ ਬਰਾਮਦ ਕੀਤੇ ਗਏ। 2,973 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ, ਜਦੋਂਕਿ 5413 ਵਿਅਕਤੀਆਂ ਨੂੰ ਤਫ਼ਤੀਸ਼ ਅਤੇ ਪੁੱਛਗਿੱਛ ਬਾਅਦ



ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ 344 ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਸੀ ਪੀ ਤੇ ਐੱਸ ਐੱਸ ਪੀ ਨੂੰ ਜਾਂਚ ਦੀ ਨਿਗਰਾਨੀ ਕਰਨ ਅਤੇ ਘਿਨਾਉਣੇ ਅਪਰਾਧਾਂ ਦਾ ਪਤਾ ਲਗਾਉਣ ਲਈ ਅਪਰਾਧ ਵਾਲੀਆਂ ਅਹਿਮ ਥਾਵਾਂ ਦਾ ਨਿੱਜੀ ਤੌਰ ’ਤੇ ਜਾਇਜ਼ਾ ਲੈਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪੁਲੀਸ ਦੀ ਮੌਜੂਦਗੀ ਅਤੇ ਭਰੋਸਾ ਵਧਾਉਣ ਲਈ ਸਾਰੇ ਜ਼ਿਲ੍ਹਾ ਮੁਖੀਆਂ ਨੂੰ ਭੀੜ-ਭੜੱਕੇ ਵਾਲੇ ਇਲਾਕਿਆਂ ਅਤੇ ਹੌਟਸਪੌਟ ਖੇਤਰਾਂ ਵਿੱਚ ਨਿੱਜੀ ਤੌਰ ’ਤੇ ਦੌਰੇ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਸ੍ਰੀ ਯਾਦਵ ਨੇ ਕਿਹਾ ਕਿ ਪੁਲੀਸ ਵੱਲੋਂ ਅਗਲੇ 72 ਘੰਟਿਆਂ ਦੌਰਾਨ ਪੰਜਾਬ ਭਰ ਵਿੱਚ ਵਿਸ਼ੇਸ਼ ਨਾਕਾਬੰਦੀ ਕਰ ਕੇ ਸੂਬੇ ਵਿੱਚ ਹਰ ਆਉਣ ਤੇ ਜਾਣ ਵਾਲੇ ਵਿਅਕਤੀ ਦੀ ਤਲਾਸ਼ੀ ਲਈ ਜਾਵੇਗੀ। ਪੰਜਾਬ ਪੁਲੀਸ ਨੇ ਵਿਦੇਸ਼ਾਂ ਵਿੱਚ ਬੈਠ ਕੇ ਪੰਜਾਬ ਦਾ ਮਾਹੌਲ ਖਰਾਬ ਕਰਨ ਵਾਲੇ 61 ਗੈਂਗਸਟਰਾਂ ਦੀ ਸੂਚੀ ਤਿਆਰ ਕੀਤੀ ਹੈ, ਜਿਸ ਵਿੱਚੋਂ 38 ਨੂੰ ਦੇਸ਼ ਵਾਪਸ ਲਿਆਉਣ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

### ਯੁੱਧ ਨਸ਼ਿਆਂ ਵਿਰੁੱਧ ਤਹਿਤ 48,167 ਜਣੇ ਗ੍ਰਿਫ਼ਤਾਰ

ਪੁਲੀਸ ਨੇ 1 ਮਾਰਚ 2025 ਨੂੰ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਹੁਣ ਤੱਕ ਨਸ਼ਾ ਤਸਕਰੀ ਦੇ ਮਾਮਲੇ ਵਿੱਚ 48167 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਕੇ 33,779 ਕੇਸ ਦਰਜ ਕੀਤੇ ਹਨ। ਉਨ੍ਹਾਂ ਦੇ ਕਬਜ਼ੇ ’ਚੋਂ 2149 ਕਿਲੋ ਹੈਰੋਇਨ, 29 ਕਿਲੋਗ੍ਰਾਮ ਆਈ.ਸੀ.ਈ., 649 ਕਿਲੋ ਅਫੀਮ, 28,527 ਕਿਲੋਗ੍ਰਾਮ ਭੁੱਕੀ, 48.31 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 15.91 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ।

# ਭਾਰਤ ਵੱਲੋਂ ਰੂਸੀ ਕੱਚੇ ਤੇਲ ਦੀ ਖਰੀਦ ਬੰਦ ਕਰਨ ਬਾਰੇ ਕੋਈ ਸਪੱਸ਼ਟਤਾ ਨਹੀਂ

**ਨਵੀਂ ਦਿੱਲੀ।** ਭਾਰਤ ਨੇ ਸ਼ਨਿੱਚਰਵਾਰ ਨੂੰ ਨਾ ਤਾਂ ਇਸ ਗੱਲ ਦੀ ਪੁਸ਼ਟੀ ਕੀਤੀ ਅਤੇ ਨਾ ਹੀ ਇਨਕਾਰ ਕੀਤਾ ਕਿ ਉਸ ਨੇ ਰੂਸੀ ਕੱਚੇ ਤੇਲ ਦੀ ਖਰੀਦ ਬੰਦ ਕਰਨ ਦਾ ਫੈਸਲਾ ਕੀਤਾ ਹੈ। ਗ਼ੌਰਤਲਬ ਹੈ ਕਿ ਅਮਰੀਕਾ ਨੇ ਭਾਰਤੀ ਵਸਤਾਂ ’ਤੇ ਲਗਾਏ ਗਏ 25 ਫੀਸਦੀ ਦੰਡਕਾਰੀ ਟੈਕਸ ਨੂੰ ਵਾਪਸ ਲੈ ਲਿਆ ਹੈ, ਜੋ ਕਿ ਨਵੀਂ ਦਿੱਲੀ ਦੁਆਰਾ ਰੂਸ ਤੋਂ ਪੈਟਰੋਲੀਅਮ ਉਤਪਾਦਾਂ ਦੀ ਖਰੀਦ ਕਾਰਨ ਲਗਾਇਆ ਗਿਆ ਸੀ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ 25 ਫੀਸਦੀ ਵਾਧੂ ਟੈਕਸ ਨੂੰ ਹਟਾਉਣ ਦੇ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ ਹਨ। ਇਹ ਕਦਮ ਅਮਰੀਕੀ ਰਾਸ਼ਟਰਪਤੀ ਵੱਲੋਂ ਭਾਰਤ ਨਾਲ ਇੱਕ ਵਪਾਰਕ ਸਮਝੌਤੇ ਦੇ ਐਲਾਨ ਤੋਂ ਕੁਝ ਦਿਨ ਬਾਅਦ ਆਇਆ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਵਾਸ਼ਿੰਗਟਨ ਭਾਰਤੀ ਵਸਤਾਂ 'ਤੇ ਟੈਕਸ 50 ਫੀਸਦੀ




ਤੋਂ ਘਟਾ ਕੇ 18 ਫੀਸਦੀ ਕਰ ਦੇਵੇਗਾ, ਬਦਲੇ ਵਿੱਚ ਭਾਰਤ ਰੂਸੀ ਤੇਲ ਦੀ ਖਰੀਦ ਬੰਦ ਕਰੇਗਾ ਅਤੇ ਵਪਾਰਕ ਰੁਕਾਵਟਾਂ ਨੂੰ ਘਟਾਏਗਾ। ਟਰੰਪ ਨੇ ਕਾਰਜਕਾਰੀ ਹੁਕਮਾਂ ਵਿੱਚ ਕਿਹਾ, "ਖਾਸ ਤੌਰ 'ਤੇ, ਭਾਰਤ ਨੇ ਰੂਸੀ ਸੰਘ ਦੇ ਤੇਲ ਦੀ ਸਿੱਧੀ ਜਾਂ ਅਸਿੱਧੀ ਦਰਾਮਦ ਬੰਦ ਕਰਨ ਦਾ ਵਾਅਦਾ ਕੀਤਾ ਹੈ, ਇਹ ਪ੍ਰਤੀਨਿਧਤਾ ਕੀਤੀ ਹੈ ਕਿ ਉਹ ਸੰਯੁਕਤ ਰਾਜ ਤੋਂ ਊਰਜਾ ਉਤਪਾਦ ਖਰੀਦੇਗਾ ਅਤੇ ਹਾਲ ਹੀ ਵਿੱਚ ਅਗਲੇ 10 ਸਾਲਾਂ ’ਚ ਰੱਖਿਆ ਸਹਿਯੋਗ ਵਧਾਉਣ ਲਈ ਸੰਯੁਕਤ ਰਾਜ ਦੇ ਨਾਲ ਇੱਕ ਢਾਂਚੇ ਲਈ ਵਚਨਬੱਧਤਾ ਜਤਾਈ ਹੈ।" ਕਾਰਜਕਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜੇ ਅਮਰੀਕੀ ਵਣਜ ਸਕੱਤਰ ਨੂੰ ਪਤਾ ਲੱਗਦਾ ਹੈ ਕਿ ਭਾਰਤ ਨੇ ਰੂਸੀ ਤੇਲ ਦੀ ਸਿੱਧੀ ਜਾਂ ਅਸਿੱਧੀ ਦਰਾਮਦ ਮੁੜ ਸ਼ੁਰੂ ਕਰ ਦਿੱਤੀ ਹੈ, ਤਾਂ ਟਰੰਪ ਦੀ ਟੀਮ ਸਿਫਾਰਸ਼ ਕਰੇਗੀ ਕਿ "ਕੀ ਅਤੇ ਕਿਸ ਹੱਦ ਤੱਕ ਮੈਨੂੰ ਭਾਰਤ ਦੇ ਵਿਰੁੱਧ ਵਾਧੂ ਕਾਰਵਾਈ ਕਰਨੀ ਚਾਹੀਦੀ ਹੈ, ਜਿਸ ਵਿੱਚ ਭਾਰਤ ਦੀਆਂ ਵਸਤੂਆਂ ਦੀ ਦਰਾਮਦ 'ਤੇ 25 ਫੀਸਦੀ ਦੀ ਵਾਧੂ ਡਿਊਟੀ ਮੁੜ ਲਗਾਉਣਾ ਸ਼ਾਮਲ ਹੈ।"

## ਭੈਣ ਦੇ ਵਿਆਹ ਜਾ ਰਹੀ ਵੱਡੀ ਭੈਣ ਤੇ ਉਸ ਦੇ ਮਾਸੂਮ ਪੁੱਤ ਦੀ ਮੌਤ

**ਤਰਨਤਾਰਨ।** ਤਰਨਤਾਰਨ ਦੇ ਖੇਮਕਰਨ ਵਿਚ ਇਕ ਦਰਦਨਾਕ ਹਾਦਸਾ ਵਾਪਰ ਗਿਆ। ਇਥੇ ਭਿੱਖੀਵਿੰਡ ਵਿਚ ਕਾਰ ਤੇ ਟਰੈਕਟਰ-ਟਰਾਲੀ ਦੀ ਆਪਸ ਵਿਚ ਟੱਕਰ ਹੋ ਗਈ। ਹਾਦਸੇ ਵਿਚ ਕਾਰ ਸਵਾਰ ਮਾਂ ਤੇ ਉਸ ਦੇ ਮਾਮੂਸਮ ਪੁੱਤ ਦੀ ਮੌਕੇ 'ਤੇ ਮੌਤ ਹੋ ਗਈ। ਜਦਕਿ ਕਾਰ ਚਾਲਕ ਵਿਅਕਤੀ ਗੰਭੀਰ ਜ਼ਖ਼ਮੀ ਹੋਇਆ ਹੈ। ਮਿਲੀ ਜਾਣਕਾਰੀ ਮੁਤਾਬਕ ਪਿੰਡ ਆਸਲ ਉਤਾੜ ਦਾ ਰਹਿਣ ਵਾਲਾ ਦਵਿੰਦਰ ਸਿੰਘ (30) ਪੁੱਤਰ ਕੁਲਦੀਪ ਸਿੰਘ, ਜੋ ਕਿ ਚੰਡੀਗੜ ਵਿਖੇ ਟੈਕਸੀ ਚਲਾਉਂਦਾ ਹੈ, ਬੀਤੀ ਰਾਤ ਆਪਣੀ ਡਿਜ਼ਾਇਰ ਕਾਰ 'ਤੇ ਆਪਣੀ ਪਤਨੀ ਪ੍ਰਭਜੀਤ ਕੌਰ ਤੇ ਨਾਬਲਿਗ ਪੁੱਤ ਫ਼ਤਹਿ ਸਿੰਘ (5) ਸਮੇਤ ਆਪਣੇ ਸਹੁਰੇ ਪਿੰਡ ਫਤਾਹਪੁਰ 'ਚ ਸਾਲੀ ਦੇ ਵਿਆਹ 'ਤੇ ਜਾ ਰਿਹਾ ਸੀ ਕਿ ਰਾਤ ਕਰੀਬ 8 ਵਜੇ ਉਨ੍ਹਾਂ ਦੀ ਕਾਰ ਸੜਕ 'ਤੇ ਅੱਗੇ ਜਾ ਰਹੇ ਮਿੱਟੀ ਨਾਲ ਭਰੀ ਟਰੈਕਟਰ ਟਰਾਲੀ ਨਾਲ ਅਚਾਨਕ ਟਕਰਾ ਗਈ। ਹਾਦਸੇ ਵਿਚ ਮਾਂ-ਪੁੱਤਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦ ਕਿ



ਕਾਰ ਚਾਲਕ ਗੰਭੀਰ ਜ਼ਖ਼ਮੀ ਹੋ ਗਿਆ। ਜਿਸ ਨੂੰ ਇਲਾਜ ਲਈ ਨਿੱਜੀ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਟੱਕਰ ਇੰਨੀ ਜ਼ਬਰਦ-ਸਤ ਸੀ ਕਿ ਦੋਵਾਂ ਵਾਹਨਾਂ ਦੇ ਪਰਖੱਚੇ ਉੱਡ ਗਏ। ਕੁਝ ਬੇਗੈਰਤ ਲੋਕਾਂ ਨੇ ਹਾਦਸੇ ਵਿਚ ਮਦਦ ਕਰਨ ਦੀ ਬਜਾਏ  ਅਨਸਰ ਦੁਰਘਟਨਾ ਵਿਚ ਹਾਦਸਾਗ੍ਰਸਤ ਹੋਈ ਕਾਰ ਦੇ ਤਿੰਨ ਟਾਇਰ ਚੋਰੀ ਕਰ ਲਏ।

## ਅਮਰੀਕਾ ’ਚ ਦਰਦਨਾਕ ਹਾਦਸਾ: ਕੁਰੂਕਸ਼ੇਤਰ ਦੇ ਟਰੱਕ ਡਰਾਈਵਰ ਸੰਦੀਪ ਸਿੰਘ ਦੀ ਟ੍ਰੇਨ ਨਾਲ ਟੱਕਰ ’ਚ ਮੌਤ, 6 ਮਹੀਨੇ ਦੇ ਪੁੱਤਰ ਦਾ ਸੀ ਪਿਤਾ



**ਨਵੀਂ ਦਿਲੀ।** ਅਮਰੀਕਾ ਤੋਂ ਹਰਿਆਣਾ ਦੇ ਕੁਰੂਕਸ਼ੇਤਰ ਜ਼ਿਲ੍ਹੇ ਲਈ ਇੱਕ ਬਹੁਤ ਹੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਇਸਮਾਈਲਾਬਾਦ ਦੇ ਪਿੰਡ ਕੁੰਮਹਾਰ ਮਾਜਰਾ ਨਾਲ ਸੰਬੰਧਿਤ 32 ਸਾਲਾ ਨੌਜਵਾਨ ਸੰਦੀਪ ਸਿੰਘ ਦੀ ਇੱਕ ਭਿਆਨਕ ਸੜਕ ਹਾਦਸੇ ਵਿੱਚ ਮੌਤ ਹੋ ਗਈ। ਸੰਦੀਪ ਕਈ ਸਾਲਾਂ ਤੋਂ ਅਮਰੀਕਾ ਵਿੱਚ ਰਹਿ ਕੇ ਟਰੱਕ ਡਰਾਈਵਰ ਵਜੋਂ ਰੋਜ਼ੀ-ਰੋਟੀ ਕਮਾ ਰਿਹਾ ਸੀ। ਪਰਿਵਾਰ ਤੋਂ ਮਿਲੀ ਜਾਣਕਾਰੀ ਅਨੁਸਾਰ, ਸੰਦੀਪ ਸਿੰਘ ਟਰੱਕ ਲੈ ਕੇ ਕੈਲੀਫੋਰਨੀਆ ਤੋਂ ਟੈਕਸਾਸ ਵੱਲ ਜਾ ਰਿਹਾ ਸੀ। ਇਸ ਦੌਰਾਨ ਉਸ ਦਾ ਟਰੱਕ ਰੇਲਵੇ ਟ੍ਰੈਕ ’ਤੇ ਖੜ੍ਹੀ ਇੱਕ ਟਰੇਨ ਨਾਲ ਜਾ ਟਕਰਾਇਆ। ਹਾਦਸਾ ਇੰਨਾ ਭਿਆਨਕ ਸੀ ਕਿ ਟਰੱਕ ਦੇ ਪਰਖੱਚੇ ਉੱਡ ਗਏ ਅਤੇ ਸੰਦੀਪ ਦੀ ਮੌਕੇ ’ਤੇ ਹੀ ਮੌਤ ਹੋ ਗਈ। ਹਾਦਸੇ ਵੇਲੇ ਟਰੱਕ ਵਿੱਚ ਉਹ ਇਕੱਲਾ ਹੀ ਸੀ, ਜਿਸ ਕਾਰਨ ਕਾਫੀ ਦੇਰ ਤੱਕ ਕਿਸੇ ਨੂੰ ਘਟਨਾ ਦੀ ਜਾਣਕਾਰੀ ਨਹੀਂ ਮਿਲ ਸਕੀ। ਬਾਅਦ ਵਿੱਚ ਜਦੋਂ ਘਟਨਾ ਦਾ ਪਤਾ ਲੱਗਿਆ ਤਾਂ ਪੁਲਿਸ ਨੂੰ ਸੂਚਿਤ ਕੀਤਾ ਗਿਆ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਅਮਰੀਕੀ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪਰਿਵਾਰਕ ਮੈਂਬਰਾਂ ਨੇ ਟਰੱਕ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਰਾਹੀਂ ਹਾਦਸੇ ਦੇ ਕਾਰਨਾਂ ਬਾਰੇ ਜਾਣਨ ਦੀ ਕੋਸ਼ਿਸ਼ ਵੀ ਸ਼ੁਰੂ ਕੀਤੀ ਹੈ।

ਸੰਦੀਪ ਸਿੰਘ ਸਾਲ 2019 ਵਿੱਚ ਅਮਰੀਕਾ ਗਿਆ ਸੀ। ਦੋ ਸਾਲ ਪਹਿਲਾਂ ਉਸ ਨੇ ਆਪਣੀ ਪਤਨੀ ਪਵਨਦੀਪ ਕੌਰ ਨੂੰ ਵੀ ਅਮਰੀਕਾ ਬੁਲਾ ਲਿਆ ਸੀ। ਸਿਰਫ਼ 6 ਮਹੀਨੇ ਪਹਿਲਾਂ ਹੀ ਸੰਦੀਪ ਇੱਕ ਪੁੱਤਰ ਅਰਜੁਨ ਸਿੰਘ ਦਾ ਪਿਤਾ ਬਣਿਆ ਸੀ, ਜੋ ਇਸ ਸਮੇਂ ਆਪਣੀ ਮਾਂ ਨਾਲ ਅਮਰੀਕਾ ਵਿੱਚ ਰਹਿ ਰਿਹਾ ਹੈ। ਪਿੰਡ ਕੁੰਮਹਾਰ ਮਾਜਰਾ ਵਿੱਚ ਸੰਦੀਪ ਦੀ ਮੌਤ ਦੀ ਖ਼ਬਰ ਨਾਲ ਸੋਗ ਦੀ ਲਹਿਰ ਦੌੜ ਗਈ ਹੈ। ਪਿੱਛੇ ਉਸ ਦੀ ਬਜ਼ੁਰਗ ਮਾਂ, ਵੱਡਾ ਭਰਾ ਡਿੰਪਲ ਅਤੇ ਨਿੱਕਾ ਬੱਚਾ ਰੋਤਾ-ਬਿਲਖਦਾ ਪਰਿਵਾਰ ਛੱਡ ਗਿਆ ਹੈ। ਇਹ ਹਾਦਸਾ ਪਰਿਵਾਰ ਲਈ ਹੀ ਨਹੀਂ, ਸਗੋਂ ਪੂਰੇ ਇਲਾਕੇ ਲਈ ਇੱਕ ਅਣਪੂਰਣੀ ਘਾਟ ਬਣ ਗਿਆ ਹੈ।

Samaj Weekly
ਸਮਾਜ ਵੀਕਲੀ


Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਸੂਰਜਕੁੰਡ ਮੇਲਾ ਹਾਦਸਾ: ਮੁੱਖ ਮੁਲਜ਼ਮ ਸਣੇ ਦੋ ਗ੍ਰਿਫ਼ਤਾਰ

**ਫਰੀਦਾਬਾਦ।** ਸੂਰਜਕੁੰਡ ਕੌਮਾਂਤਰੀ ਸ਼ਿਲਪ ਮੇਲੇ ਵਿੱਚ ਹੋਏ ਦਰਦਨਾਕ ਝੂਲਾ ਹਾਦਸੇ ਵਿੱਚ ਫਰੀਦਾਬਾਦ ਪੁਲੀਸ ਨੇ ਵੱਡੀ ਕਾਰਵਾਈ ਕਰਦਿਆਂ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿੱਚ ਹਿਮਾਚਲ ਫਨ ਕੇਅਰ ਦੇ ਮਾਲਕ ਮੁਹੰਮਦ ਸ਼ਾਕਿਰ (ਹਿਮਾਚਲ ਪ੍ਰਦੇਸ਼) ਅਤੇ ਨਿਤੇਸ਼ (ਮੇਰਠ, ਯੂ.ਪੀ.) ਸ਼ਾਮਲ ਹਨ। ਹਾਦਸੇ ਵਿੱਚ ਆਪਣੀ ਜਾਨ ਵਾਰਨ ਵਾਲੇ ਇੰਸਪੈਕਟਰ ਜਗਦੀਸ਼ ਪ੍ਰਸਾਦ ਦੀ ਮ੍ਰਿਤਕ ਦੇਹ ਪੋਸਟਮਾਰਟਮ ਤੋਂ ਬਾਅਦ ਪਰਿਵਾਰ ਨੂੰ ਸੌਂਪ ਦਿੱਤੀ ਗਈ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਇਸ ਘਟਨਾ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਗੰਭੀਰ ਜ਼ਖ਼ਮੀਆਂ ਲਈ 1-1 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ ਹੈ। ਹਰਿਆਣਾ ਦੇ ਡੀਜੀਪੀ ਅਜੈ ਸਿੰਘਲ ਨੇ ਸ਼ਹੀਦ ਇੰਸਪੈਕਟਰ ਦੀ ਬਹਾਦਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਡਿਊਟੀ ਦੌਰਾਨ ਦੂਜਿਆਂ ਦੀਆਂ ਜਾਨਾਂ ਬਚਾਉਂਦੇ ਹੋਏ ਸ਼ਹਾਦਤ ਦਿੱਤੀ ਹੈ। ਵਿਭਾਗ ਵੱਲੋਂ ਪਰਿਵਾਰ ਨੂੰ ਆਰਥਿਕ ਮਦਦ ਅਤੇ ਯੋਗ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ। ਦੂਜੇ ਪਾਸੇ,



ਫਰੀਦਾਬਾਦ ਪ੍ਰਸ਼ਾਸਨ ਨੇ ਏ.ਡੀ.ਸੀ. ਸਤਬੀਰ ਸਿੰਘ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਕਮੇਟੀ ਬਣਾਈ ਹੈ ਜੋ ਝੂਲੇ ਦੇ ਡਿੱਗਣ ਦੇ ਤਕਨੀਕੀ ਕਾਰਨਾਂ ਦੀ ਜਾਂਚ ਕਰੇਗੀ। ਮੇਲੇ ਦੇ 9ਵੇਂ ਦਿਨ ਦੀ ਸ਼ੁਰੂਆਤ ਇੰਸਪੈਕਟਰ ਪ੍ਰਸਾਦ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖ ਕੇ ਕੀਤੀ ਗਈ। ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਮੇਲੇ ਵਿੱਚ ਝੂਲਿਆਂ ਵਾਲਾ ਹਿੱਸਾ ਫਿਲਹਾਲ ਬੰਦ ਰਹੇਗਾ ਪਰ ਬਾਕੀ ਸਾਰੇ ਸੱਭਿਆਚਾਰਕ ਅਤੇ ਵਪਾਰਕ ਪ੍ਰੋਗਰਾਮ ਜਾਰੀ ਰਹਿਣਗੇ। ਦੱਸ ਦਈਏ ਕਿ ਇਹ ਹਾਦਸਾ ਸ਼ਨੀਵਾਰ ਸ਼ਾਮ ਨੂੰ ਉਸ ਵੇਲੇ ਵਾਪਰਿਆ ਜਦੋਂ ‘ਝੂਲਾ’ ਅਚਾਨਕ ਇੱਕ ਪਾਸਿਓਂ ਟੁੱਟ ਗਿਆ। ਮੌਕੇ ’ਤੇ ਮੌਜੂਦ ਇੰਸਪੈਕਟਰ ਜਗਦੀਸ਼ ਪ੍ਰਸਾਦ ਜਦੋਂ ਹੋਰ ਲੋਕਾਂ ਨੂੰ ਬਚਾਉਣ ਲਈ ਅੱਗੇ ਵਧੇ ਤਾਂ ਝੂਲਾ ਦੂਜੇ ਪਾਸਿਓਂ ਵੀ ਟੁੱਟ ਕੇ ਉਨ੍ਹਾਂ ਉੱਪਰ ਜਾ ਡਿੱਗਿਆ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਮਾਨਸਾ ਵਿਚ ਵਾਪਰੇ ਸੜਕ ਹਾਦਸੇ ਵਿਚ 2 ਸਕੇ ਭਰਾਵਾਂ ਦੀ ਮੌਤ



**ਮਾਨਸਾ।** ਮਾਨਸਾ ਵਿੱਚ, ਇੱਕ ਤੇਜ਼ ਰਫ਼ਤਾਰ ਸਵਿਫਟ ਕਾਰ ਨੇ ਇੱਕ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਮੋਟਰਸਾਈਕਲ ਸਵਾਰ ਦੋ ਸਕੇ ਭਰਾ ਲਗਭਗ 5 ਫੁੱਟ ਉੱਛਲ ਕੇ ਸੜਕ 'ਤੇ ਡਿੱਗ ਪਏ ਤੇ ਦੋਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਤੋਂ ਬਾਅਦ ਲੋਕ ਮੌਕੇ 'ਤੇ ਇਕੱਠੇ ਹੋ ਗਏ ਅਤੇ ਪੁਲਿਸ ਨੂੰ ਸੂਚਿਤ ਕੀਤਾ। ਹਾਦਸੇ ਸਮੇਂ ਗੱਡੀ 70 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਰਹੀ ਸੀ। ਪੁਲਿਸ ਨੇ ਡਰਾਈਵਰ ਨੂੰ ਹਿਰਾਸਤ ਵਿੱਚ ਲੈ ਲਿਆ ਹੈ, ਜਦੋਂ ਕਿ ਉਸ ਦਾ ਸਾਥੀ ਭੱਜ ਗਿਆ। ਡਰਾਈਵਰ ਸ਼ਰਾਬੀ ਸੀ। ਘਟਨਾ ਦੀ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਈ ਹੈ। ਇਹ ਹਾਦਸਾ ਬੀਤੀ ਰਾਤ 9 ਵਜੇ ਤਿਕੋਨੀ ਚੌਕ 'ਤੇ ਵਾਪਰਿਆ। ਮਾਨਸਾ ਦੇ ਵਾਰਡ ਨੰਬਰ 26 ਦਾ ਰਹਿਣ ਵਾਲਾ ਗੁਰਦੀਪ ਸਿੰਘ (34) ਆਪਣੇ ਛੋਟੇ ਭਰਾ ਹਰਦੀਪ ਸਿੰਘ (30) ਨਾਲ ਕਿਸੇ ਕੰਮ ਲਈ ਬਾਜ਼ਾਰ ਜਾ ਰਿਹਾ ਸੀ। ਇਸ ਦੌਰਾਨ ਜਦੋਂ ਉਹ ਸੜਕ ਪਾਰ ਕਰਨ ਲੱਗਾ ਤਾਂ ਸਾਹਮਣੇ ਤੋਂ ਆ ਰਹੀ ਇੱਕ ਤੇਜ਼ ਰਫ਼ਤਾਰ ਕਾਰ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਟੱਕਰ ਲੱਗਣ 'ਤੇ, ਦੋਵੇਂ ਭਰਾ ਹਵਾ ਵਿੱਚ ਲਗਭਗ 5 ਫੁੱਟ ਉੱਛਲ ਗਏ ਅਤੇ ਸੜਕ 'ਤੇ ਡਿੱਗ ਗਏ। ਕਾਰ ਇੱਕ ਡਿਵਾਈਡਰ ਨਾਲ ਵੀ ਟਕਰਾ ਗਈ ਅਤੇ 360 ਡਿਗਰੀ ਘੁੰਮ ਗਈ। ਟੱਕਰ ਦੌਰਾਨ ਕਾਰ ਵਿੱਚੋਂ ਚੰਗਿਆੜੀਆਂ ਵੀ ਨਿਕਲੀਆਂ। ਚਸ਼ਮਦੀਦਾਂ ਦੇ ਅਨੁਸਾਰ, ਦੋਵੇਂ ਭਰਾ ਸੜਕ 'ਤੇ ਬੇਹੋਸ਼ ਹੋ ਮਿਲੇ। ਹਾਦਸੇ ਤੋਂ ਬਾਅਦ ਸਥਾਨਕ ਲੋਕਾਂ ਦੀ ਮਦਦ ਨਾਲ ਦੋਵਾਂ ਨੂੰ ਤੁਰੰਤ ਸਿਵਲ ਹਸਪਤਾਲ ਲਿਜਾਇਆ ਗਿਆ। ਹਾਲਾਂਕਿ, ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਡਾਕਟਰਾਂ ਨੇ ਕਿਹਾ ਕਿ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਮੌਤ ਹੋ ਚੁੱਕੀ ਸੀ।

## ਯੂ.ਪੀ. ਨਿਵਾਸੀ ਸਮੇਤ ਸੰਗਠਿਤ ਨਸ਼ਾ ਨੈੱਟਵਰਕ ਨਾਲ ਜੁੜੇ ਦੋ ਵਿਅਕਤੀ ਗੁਰਦਾਸਪੁਰ ਤੋਂ ਗ੍ਰਿਫ਼ਤਾਰ

**ਚੰਡੀਗੜ੍ਹ/ਗੁਰਦਾਸਪੁਰ।** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਦਰਜ ਕਰਦਿਆਂ ਗੁਰਦਾਸਪੁਰ ਪੁਲਿਸ ਨੇ ਦੋ ਸੰਗਠਿਤ ਨਸ਼ਾ ਨੈੱਟਵਰਕਾਂ ਦੇ 2 ਕਾਰਕੁੰਨਾਂ ਨੂੰ 11 ਕਿਲੋ ਹੈਰੋਇਨ ਅਤੇ 5.75 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕਰਕੇ, ਇਨ੍ਹਾਂ ਗਿਰੋਹਾਂ ਦਾ ਪਰਦਾਫਾਸ਼ ਕੀਤਾ ਹੈ । ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਉੱਤਰ ਪ੍ਰਦੇਸ਼ ਵਿੱਚ ਮੁਜ਼ੱਫ਼ਰਨਗਰ ਦੇ ਕਾਸਿਮਪੁਰ ਦੇ ਰਹਿਣ ਵਾਲੇ ਮੁਹੰਮਦ ਵਸੀਮ ਅਤੇ ਅੰਮ੍ਰਿਤਸਰ ਦੇ ਵਸਨੀਕ ਹਰਸ਼ਦੀਪ ਸਿੰਘ ਉਰਫ਼ ਹਰਸ਼ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਹੈਰੋਇਨ ਅਤੇ ਡਰੱਗ ਮਨੀ ਬਰਾਮਦ ਕਰਨ ਤੋਂ ਇਲਾਵਾ ਦੋਸ਼ੀਆਂ ਦੀ ਚਿੱਟੇ ਰੰਗ ਦੀ ਹੌਂਡਾ ਸਿਟੀ ਕਾਰ (ਆਰ.ਜੇ. 45 ਸੀਆਰ 2918) ਅਤੇ ਹੁੰਡਈ ਵਰਨਾ ਕਾਰ (ਸੀਐਚ01ਏ.ਜੈਡ.0888) ਵੀ ਜ਼ਬਤ ਕੀਤੀ ਹੈ, ਜਿਸਦੀ ਵਰਤੋਂ ਉਹ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਕਰਦੇ ਸਨ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਭਾਰਤ ਵਿੱਚ ਆਪਣੇ ਹੈਂਡਲਰਾਂ ਰਾਹੀਂ ਪਾਕਿਸਤਾਨ ਸਥਿਤ ਹੈਂਡਲਰਾਂ ਨਾਲ ਸੰਪਰਕ ਵਿੱਚ ਸਨ।

# ਸਟੀਲ ਮੈਨ ਬਿਜੇਂਦਰ ਸਿੰਘ ਦਾ ਕਮਾਲ, ਦੰਦਾਂ ਨਾਲ 10 ਟਨ ਭਾਰੀ ਸਕੂਲ ਬੱਸ ਖਿੱਚ ਕੇ ਰਚਿਆ ਨਵਾਂ ਵਿਸ਼ਵ ਰਿਕਾਰਡ

**ਨਵੀਂ ਦਿਲੀ**

ਭਾਰਤ ਦੇ ਪ੍ਰਸਿੱਧ ਤਾਕਤਵਰ ਪਹਿ-ਲਵਾਨ ਅਤੇ ਸਟੀਲ ਮੈਨ ਦੇ ਨਾਂ ਨਾਲ ਮਸ਼ਹੂਰ ਬਿਜੇਂਦਰ ਸਿੰਘ ਨੇ ਇੱਕ ਵਾਰ ਫਿਰ ਆਪਣੇ ਅਦਭੁੱਤ ਸ਼ਕਤੀ ਪ੍ਰਦਰਸ਼ਨ ਨਾਲ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਹਰਿਆਣਾ ਦੇ ਇਸ ਜੰਬਾਜ਼ ਪਹਿਲਵਾਨ ਨੇ ਦਿੱਲੀ ਵਰਲਡ ਪਬਲਿਕ ਸਕੂਲ ਵਿੱਚ ਆਯੋਜਿਤ ਸਮਾਗਮ ਦੌਰਾਨ ਸਿਰਫ਼ ਦੰਦਾਂ ਦੀ ਮਦਦ ਨਾਲ ਲਗਭਗ 10 ਟਨ ਭਾਰ ਵਾਲੀ ਸਕੂਲ ਬੱਸ ਖਿੱਚ ਕੇ ਨਵਾਂ ਵਿਸ਼ਵ ਰਿਕਾਰਡ ਕਾਇਮ ਕੀਤਾ। ਇਸ ਅਸਾਧਾਰਣ ਪ੍ਰਾਪਤੀ ਨੂੰ ਅਛਓ ਬੁੱਕ ਆਫ਼ ਰਿਕਾਰਡਜ਼ ਵੱਲੋਂ ਅਧਿਕਾਰਕ ਤੌਰ ‘ਤੇ ਮਾਨਤਾ ਦਿੱਤੀ ਗਈ ਹੈ। ਇਸ ਇਤਿਹਾਸਕ ਕਾਮਯਾਬੀ ਦੇ ਸਨਮਾਨ ਵਿੱਚ ਕੈਂਟ ਰੋਡ, ਮਿੰਨੀ ਬਾਈਪਾਸ ‘ਤੇ ਸਥਿਤ ਦੱਖਣ ਕਾਲੀ ਨਵਦੁਰਗਾ ਮੰਦਰ ਵਿੱਚ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਦੌਰਾਨ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਸੇਵਾਮੁਖੀ ਸੰਸਥਾਵਾਂ ਦੇ ਪ੍ਰਤੀਨਿਧੀਆਂ ਨੇ ਬਿਜੇਂਦਰ ਸਿੰਘ



ਦਾ ਫੁੱਲਾਂ ਅਤੇ ਸਨਮਾਨ ਚਿੰਨ੍ਹਾਂ ਨਾਲ ਗਰਮਜੋਸ਼ੀ ਨਾਲ ਸਵਾਗਤ ਕੀਤਾ। ਇਸ ਮੌਕੇ ‘ਤੇ ਸ਼੍ਰੀ ਕ੍ਰਿਸ਼ਨ ਕ੍ਰਿਪਾ ਜੀਓ ਗੀਤਾ ਪਰਿਵਾਰ ਦੇ ਜ਼ਿਲ੍ਹਾ ਪ੍ਰਧਾਨ ਨਰੇਸ਼ ਆਹੂਜਾ ਅਤੇ ਨਵਦੁਰਗਾ ਸੇਵਾ ਸਹਾਇਤਾ ਸੰਸਥਾ ਦੇ ਸੰਸਥਾਪਕ ਸੁਰੇਸ਼ ਸੈਣੀ ਸਮੇਤ ਕਈ ਪ੍ਰਮੁੱਖ ਹਸਤੀਆਂ ਹਾਜ਼ਰ ਰਹੀਆਂ। ਸਮਾਰੋਹ ਦੀ ਅਧਕਸ਼ਤਾ ਮੰਦਰ ਪ੍ਰਬੰਧਕ ਉਰਮਿਲਾ ਸੈਣੀ ਅਤੇ ਪੁਜਾਰੀ ਸ਼ੁਭਮ ਵੱਲੋਂ ਕੀਤੀ ਗਈ। ਬਿਜੇਂਦਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਰਿਕਾਰਡ ਉਨ੍ਹਾਂ ਲਈ ਸਿਰਫ਼ ਇੱਕ ਤਾਕਤ ਪ੍ਰਦਰਸ਼ਨ ਨਹੀਂ, ਬਲਕਿ ਸਮਾਜ ਲਈ ਇੱਕ ਸਕਾਰਾਤਮਕ ਸੰਦੇਸ਼ ਹੈ। ਉਨ੍ਹਾਂ ਦੱਸਿਆ ਕਿ ਉਹ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਅਤੇ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਨਸ਼ੇ ਸਰੀਰ ਨੂੰ ਖੋਖਲਾ ਕਰ ਦਿੰਦੇ ਹਨ, ਜਦਕਿ ਯੋਗਾ, ਕਸਰਤ ਅਤੇ ਅਨੁਸ਼ਾਸਨ ਨਾਲ ਜੀਵਨ ਵਿੱਚ ਅਸੰਭਵ ਦਿਖਣ ਵਾਲੇ ਟੀਚੇ ਵੀ ਹਾਸਲ ਕੀਤੇ ਜਾ ਸਕਦੇ ਹਨ। ਸਮਾਗਮ ਵਿੱਚ ਮੌਜੂਦ ਸਾਰੇ ਮਹਿਮਾਨਾਂ ਨੇ ਬਿਜੇਂਦਰ ਸਿੰਘ ਦੀ ‘ਨਸ਼ਾ ਮੁਕਤ ਭਾਰਤ’ ਮੁਹਿੰਮ ਨੂੰ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੰਦਿਆਂ, ਇਸਨੂੰ ਸਮਾਜ ਲਈ ਬਹੁਤ ਜ਼ਰੂਰੀ ਕਦਮ ਕਰਾਰ ਦਿੱਤਾ।

ਭਾਰਤ ਦੇ ਪ੍ਰਸਿੱਧ ਤਾਕਤਵਰ ਪਹਿ-ਲਵਾਨ ਅਤੇ ਸਟੀਲ ਮੈਨ ਦੇ ਨਾਂ ਨਾਲ ਮਸ਼ਹੂਰ ਬਿਜੇਂਦਰ ਸਿੰਘ ਨੇ ਇੱਕ ਵਾਰ ਫਿਰ ਆਪਣੇ ਅਦਭੁੱਤ ਸ਼ਕਤੀ ਪ੍ਰਦਰਸ਼ਨ ਨਾਲ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਹਰਿਆਣਾ ਦੇ ਇਸ ਜੰਬਾਜ਼ ਪਹਿਲਵਾਨ ਨੇ ਦਿੱਲੀ ਵਰਲਡ ਪਬਲਿਕ ਸਕੂਲ ਵਿੱਚ ਆਯੋਜਿਤ ਸਮਾਗਮ ਦੌਰਾਨ ਸਿਰਫ਼ ਦੰਦਾਂ ਦੀ ਮਦਦ ਨਾਲ ਲਗਭਗ 10 ਟਨ ਭਾਰ ਵਾਲੀ ਸਕੂਲ ਬੱਸ ਖਿੱਚ ਕੇ ਨਵਾਂ ਵਿਸ਼ਵ ਰਿਕਾਰਡ ਕਾਇਮ ਕੀਤਾ। ਇਸ ਅਸਾਧਾਰਣ ਪ੍ਰਾਪਤੀ ਨੂੰ ਅਛਓ ਬੁੱਕ ਆਫ਼ ਰਿਕਾਰਡਜ਼ ਵੱਲੋਂ ਅਧਿਕਾਰਕ ਤੌਰ ‘ਤੇ ਮਾਨਤਾ ਦਿੱਤੀ ਗਈ ਹੈ। ਇਸ ਇਤਿਹਾਸਕ ਕਾਮਯਾਬੀ ਦੇ ਸਨਮਾਨ ਵਿੱਚ ਕੈਂਟ ਰੋਡ, ਮਿੰਨੀ ਬਾਈਪਾਸ ‘ਤੇ ਸਥਿਤ ਦੱਖਣ ਕਾਲੀ ਨਵਦੁਰਗਾ ਮੰਦਰ ਵਿੱਚ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਦੌਰਾਨ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਸੇਵਾਮੁਖੀ ਸੰਸਥਾਵਾਂ ਦੇ ਪ੍ਰਤੀਨਿਧੀਆਂ ਨੇ ਬਿਜੇਂਦਰ ਸਿੰਘ ਦਾ ਫੁੱਲਾਂ ਅਤੇ ਸਨਮਾਨ ਚਿੰਨ੍ਹਾਂ ਨਾਲ ਗਰਮਜੋਸ਼ੀ ਨਾਲ ਸਵਾਗਤ ਕੀਤਾ। ਇਸ ਮੌਕੇ ‘ਤੇ ਸ਼੍ਰੀ ਕ੍ਰਿਸ਼ਨ ਕ੍ਰਿਪਾ ਜੀਓ ਗੀਤਾ ਪਰਿਵਾਰ ਦੇ ਜ਼ਿਲ੍ਹਾ ਪ੍ਰਧਾਨ ਨਰੇਸ਼ ਆਹੂਜਾ ਅਤੇ ਨਵਦੁਰਗਾ ਸੇਵਾ ਸਹਾਇਤਾ ਸੰਸਥਾ ਦੇ ਸੰਸਥਾਪਕ ਸੁਰੇਸ਼ ਸੈਣੀ ਸਮੇਤ ਕਈ ਪ੍ਰਮੁੱਖ ਹਸਤੀਆਂ ਹਾਜ਼ਰ ਰਹੀਆਂ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161


# ਜਲਾਲਦੀਵਾਲ ਤੋਂ ਅੱਜ ਡੇਰਾ ਬਾਬਾ ਨਾਨਕ ਵਿਖੇ ਹੜ੍ਹਾਂ ਤੋਂ ਪ੍ਰਭਾਵਿਤ ਕਿਸਾਨਾਂ ਦੀ ਮੱਦਦ ਲਈ 200 ਗੱਟੇ ਯੂਰੀਆ ਖਾਦ ਅਤੇ 100 ਏਕੜ ਫਸਲ ਲਈ ਕੀਟਨਾਸਕ ਦਵਾਈ ਭੇਜੀ ਗਈ

**ਰਾਏਕੋਟ, ਫਰਵਰੀ ( ਗੁਰਭਿੰਦਰ ਗੁਰੀ )** ਨੇੜਲੇ ਪਿੰਡ ਜਲਾਲਦੀਵਾਲ ਤੋਂ ਅੱਜ ਡੇਰਾ ਬਾਬਾ ਨਾਨਕ ਵਿਖੇ ਹੜ੍ਹਾਂ ਤੋਂ ਪ੍ਰਭਾਵਿਤ ਕਿਸਾਨਾਂ ਦੀ ਮੱਦਦ ਲ ਇ ੀ ਐਨਆਰਆਈਜ਼ ਦੇ ਸਹਿਯੋਗ ਨਾਲ 200 ਗੱਟੇ ਯੂਰੀਆ ਖਾਦ ਅਤੇ 100 ਏਕੜ ਦੀ ਫਸਲ ਲਈ ਕੀਟਨਾਸਕ ਦਵਾਈ ਭੇਜੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਲਖਵਿੰਦਰ ਸਿੰਘ ਜੌਹਲ ਅਤੇ ਹਰਜੀਤ ਸਿੰਘ ਨੇ ਦੱਸਿਆ ਕਿ ਤਕਰੀਬਨ 6-7 ਮਹੀਨੇ ਪਹਿਲਾਂ ਪੰਜਾਬ ਦੇ ਮਾਝਾ ਅਤੇ ਦੋਆਬਾ 'ਚ ਕਈ ਇਲਾਕੇ ਹੜ੍ਹ ਆਉਣ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਸਨ, ਜਿੰਨ੍ਹਾਂ ਦੀ ਮੱਦਦ ਲਈ ਜਿੱਥੇ ਸਾਰਾ ਪੰਜਾਬ ਖੜ੍ਹਾ ਹੋਇਆ ਸੀ, ਉੱਥੇ ਗਾਇਕਾ, ਫਿਲਮੀ ਕਲਾਕਾਰਾਂ, ਸਮਾਜ ਸੇਵੀਆਂ ਨੇ ਆਪਣਾ ਬਣਦਾ ਯੋਗਦਾਨ ਪਾਇਆ ਸੀ। ਉਨ੍ਹਾਂ ਕਿਹਾ ਕਿ ਹੁਣ ਕਿਸਾਨਾਂ ਨੂੰ ਪੈਰਾਂ



ਸਿਰ ਕਰਨ ਲਈ ਉਨ੍ਹਾਂ ਨੂੰ ਖਾਦ ਅਤੇ ਕੀਟਨਾਸਕ ਦਵਾਈਆਂ ਦੀ ਜਰੂਰਤ ਹੈ। ਅੱਜ ਉਹ ਇਡਿਆਨਾ ਐਪਲਜ (ਅਮਰੀਕਾ) ਦੇ ਨੌਜਵਾਨਾਂ ਵੱਲੋਂ ਭੇਜੀ ਮੱਦਦ ਨਾਲ 200 ਗੱਟੇ ਯੂਰੀਆ ਖਾਦ ਅਤੇ 100 ਏਕੜ ਦੀ ਫਸਲ ਲਈ ਕੀਟ ਨਾਸਕ ਦਵਾਈਆਂ ਭੇਜ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਮਾਨ ਡੇਰਾ ਬਾਬਾ ਨਾਨਕ ਦੇ ਵੱਖ ਵੱਖ ਪਿੰਡਾਂ ਵਿੱਚ ਪਹੁੰਚਦਾ ਕਰਨਗੇ। ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਇਸ ਤੋਂ ਇਲਾਵਾ ਉਹ ਹੋਰ ਲੋੜੀਂਦੇ ਸਮਾਨ ਬਾਰੇ ਜਾਣਕਾਰੀ ਲੈ ਕੇ ਆਉਂਦੇ ਦਿਨਾਂ ਤੱਕ ਉਹ ਸਮਾਨ ਲੋੜਵੰਦ ਲੋਕਾਂ ਤੱਕ ਪਹੁੰਚਦਾ ਕਰਨਗੇ। ਇਸ ਮੌਕੇ ਕੈਪਟਨ ਨਿਰਪਾਲ ਸਿੰਘ, ਜਗਦੇਵ ਸਿੰਘ ਪੂਨੀਆਂ, ਜਗਰੂਪ ਸਿੰਘ ਪੂਨੀਆਂ, ਰਾਜਵਿੰਦਰ ਸਿੰਘ ਜੌਹਲ, ਗੁਰਿੰਦਰਪ੍ਰੀਤ ਸਿੰਘ ਪੂਨੀਆਂ, ਵਰਿੰਦਰ ਕੁਮਾਰ, ਹਰਪ੍ਰੀਤ ਸਿੰਘ, ਹਰਜੀਤ ਸਿੰਘ ਪੂਨੀਆਂ, ਸੁਖਜਿੰਦਰ ਸਿੰਘ, ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਮਹਾਨ ਕਰਮਯੋਗੀ ਤਪੱਸਵੀ ਬ੍ਰਹਮ ਗਿਆਨੀ ਸੰਤ ਬਾਬਾ ਨਰੈਣ ਹਰੀ ਜੀ ਦੀ ਪਾਵਨ ਪਵਿੱਤਰ ਯਾਦ 'ਚ 37 ਵੀਂ ਸਲਾਨਾਂ ਬਰਸੀ 17 ਤੋਂ 23 ਫਰਵਰੀ ਤੱਕ ਮਨਾਈ ਜਾਵੇਗੀ: ਬਾਬਾ ਸ੍ਰੀ ਰਾਮ ਜੀ





**ਨਵਾਂਸ਼ਹਿਰ /ਮਨਾਲੀ (ਹਰਸਿਮਰਨ ਜੋਤ ਸਿੰਘ ਕਲੇਰ )-** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਤਿਹ-ਾਸਕ ਗੁਰੂਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਟਰੱਸਟ ਹਰੀਹਰ ਘਾਟ ਮਣੀਕਰਨ (ਹਿਮਾਚਲ ਪ੍ਰਦੇਸ਼) ਕੱਲੂ ਵਿਖੇ ਮਹਾਨ ਕਰਮਯੋਗੀ ਤਪੱਸਵੀ ਬ੍ਰਹਮ ਗਿਆਨੀ ਸੰਤ ਬਾਬਾ ਨਰੈਣ ਹਰੀ ਜੀ ਦੀ ਪਾਵਨ ਪਵਿੱਤਰ ਯਾਦ 'ਚ 37 ਵੀਂ ਸਲਾਨਾਂ ਬਰਸੀ 17 ਤੋਂ 23 ਫਰਵਰੀ ਨੂੰ ਬਹੁਤ ਹੀ ਸ਼ਰਧਾ ਨਾਲ ਮਨਾਈ ਜਾਵੇਗੀ । ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਬਾਬਾ ਸ੍ਰੀ ਰਾਮ ਜੀ ਅਤੇ ਪੂਜਯ ਦੇਵਾ ਜੀ ਨੇ ਦੱਸਿਆਂ ਕਿ 17 ਫਰਵਰੀ ਤੋਂ 23 ਫਰਵਰੀ ਤੱਕ ਕੀਰਤਨ ਤੇ ਮਹਾਨ ਕਵੀ ਦਰਬਾਰ ਵਿੱਚ ਸੰਤ ਮਹਾਤਮਾ, ਕੀਰਤਨੀਏ ਵਿਦਵਾਨ, ਕਥਾਵਾਚਕ ਅਤੇ ਕਵੀ ਗੁਰੂ ਜਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ । ਉਨ੍ਹਾਂ ਦੱਸਿਆ ਕਿ ਸਪਤਾਹਿਕ ਪਾਠਾਂ ਦੀ ਚਲ ਰਹੀ ਲੜੀ ਦੇ ਮੁਤਾਬਿਕ ਉਨ੍ਹਾਂ ਦੀ ਪਵਿੱਤਰ ਸੰਪੂਰਨਤਾ 23 ਫਰਵਰੀ ਤੱਕ ਹੋਵੇਗੀ । 20 ਫਰਵਰੀ ਤੋਂ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਸ ਦੀ ਸੰਪੂਰਨਤਾ 22 ਫਰਵਰੀ ਨੂੰ ਹੋਵੇਗੀ । ਇਸ ਤੋਂ ਬਾਅਦ 22 ਫਰਵਰੀ ਨੂੰ ਰੈਣ ਸਬਾਈ ਕੀਰਤਨ ਆਰੰਭ ਹੋਵੇਗਾ । ਇਸ ਉਪਰੰਤ 23 ਫਰਵਰੀ ਨੂੰ ਸੰਪੂਰਨਤਾ ਹੋਵੇਗੀ । ਉਨ੍ਹਾਂ ਇਲਾਕੇ ਅਤੇ ਦੇਸ਼ ਵਿਦੇਸ਼ ਵੱਸਦੀਆਂ ਦੀਆ ਸੰਗਤਾ ਨੂੰ ਇਸ ਮੌਕੇ ਹੁੰਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ । ਇਸ ਮੌਕੇ ਤੇ ਬਾਬਾ ਜੀ ਦੇ ਲੰਗਰ ਅਟੁੱਟ ਵਰਤਾਏ ਜਾਣਗੇ ।

# ਪਿੰਡ ਮਾਹਿਲ ਗਹਿਲਾਂ ਵਿਖੇ ਮਾਹਿਲ ਪਰਿਵਾਰ ਵੱਲੋਂ ਲਗਵਾਏ 21ਵੇਂ ਫਰੀ ਮੈਡੀਕਲ ਕੈਪ ਦਾ 188 ਲੋੜਵੰਦ ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ

**ਨਵਾਂਸ਼ਹਿਰ /ਬੰਗਾ (ਜਤਿੰਦਰਪਾਲ ਸਿੰਘ ਕਲੇਰ )** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਸੀਨੀਅਰ ਟਰੱਸਟ ਮੈਂਬਰ ਦਰਸ਼ਨ ਸਿੰਘ ਮਾਹਿਲ ਅਤੇ ਸਮੂਹ ਮਾਹਿਲ ਪਰਿਵਾਰ ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਇੰਡੀਆ ਵੱਲੋਂ 21 ਵਾਂ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਅੱਜ ਸਰਕਾਰੀ ਐਲੀਮੈਂਟਰੀ ਸਕੂਲ ਮਾਹਿਲ ਗਹਿਲਾਂ ਵਿਖੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਸਹਿਯੋਗ ਨਾਲ ਲਗਾਇਆ ਗਿਆ । ਇਸ ਦਾ ਉਦਘਾਟਨ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਆਪਣੇ ਕਰ ਕਮਲਾਂ ਨਾਲ ਕੀਤਾ ਅਤੇ ਇਸ ਮੌਕੇ ਦਾ ਸਹਿਯੋਗ ਸ. ਦਰਸ਼ਨ ਸਿੰਘ ਮਾਹਿਲ ਸੀਨੀਅਰ ਟਰੱਸਟ ਮੈਂਬਰ, ਸ. ਜਗਜੀਤ ਸਿੰਘ ਸੋਢੀ ਮੀਤ ਸਕੱਤਰ, ਸ. ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ ਅਤੇ ਹੋਰ ਪਤਵੰਤੇ ਸੱਜਣਾਂ ਨੇ ਦਿੱਤਾ। ਇਸ ਮੌਕੇ 188 ਤੋਂ ਵੱਧ ਲੋੜਵੰਦ ਮਰੀਜ਼ਾਂ ਨੇ ਚੈਕਅੱਪ ਕਰਵਾਕੇ ਅਤੇ ਮੁਫ਼ਤ ਦਵਾਈਆਂ ਪ੍ਰਾਪਤ ਕੀਤੀਆਂ ।

ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਨੇ ਸ. ਦਰਸ਼ਨ ਸਿੰਘ ਮਾਹਿਲ ਸੀਨੀਅਰ ਟਰੱਸਟ ਮੈਂਬਰ ਅਤੇ ਸਮੂਹ ਮਾਹਿਲ ਪਰਿਵਾਰ ਵੱਲੋਂ ਹਰ ਸਾਲ ਲੋੜਵੰਦ ਲੋਕਾਂ ਦੀ ਮਦਦ ਕਰਨ



ਹਿੱਤ ਫਰੀ ਅੱਖਾਂ ਦਾ ਜਾਂਚ ਅਤੇ ਫਰੀ ਮੈਡੀਕਲ ਜਾਂਚ ਕਰਵਾਉਣ ਦੇ ਨਿਸ਼ਕਾਮ ਸੇਵਾ ਕਾਰਜ ਦੀ ਭਾਰੀ ਸ਼ਲਾਘਾ ਕੀਤੀ । ਇਸ ਮੌਕੇ ਸ. ਦਰਸ਼ਨ ਸਿੰਘ ਮਾਹਿਲ ਨੇ ਦੱਸਿਆ ਕਿ ਸਮੂਹ ਮਾਹਿਲ ਪਰਿਵਾਰ ਕੈਨੇਡਾ, ਯੂ.ਐਸ.ਏ, ਇੰਗਲੈਂਡ ਅਤੇ ਇੰਡੀਆ ਦੇ ਸਹਿਯੋਗ ਨਾਲ ਹਰ ਸਾਲ ਮੁਫਤ ਕੈਂਪ ਲਗਵਾਕੇ ਇਲਾਕਾ ਨਿਵਾਸੀਆਂ ਨੂੰ ਮੁਫਤ ਮੈਡੀਕਲ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਅਤੇ ਹਰ ਸਾਲ ਲੋੜਵੰਦ ਮਰੀਜ਼ਾਂ ਦੇ ਅਪਰੇਸ਼ਨ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮੁਫਤ ਕਰਵਾਏ ਜਾਂਦੇ ਹਨ । ਅੱਜ ਇਸ ਮੈਡੀਕਲ ਕੈਂਪ ਵਿਚ ਡਾ. ਕੁਲਦੀਪ ਸਿੰਘ ਮੈਡੀਕਲ ਅਫਸਰ ਅਤੇ ਉਪਟੋਮੀਟਰਸ ਮੈਡਮ ਦਲਜੀਤ ਕੌਰ ਵੱਲੋਂ ਮਰੀਜ਼ਾਂ ਦਾ ਮੁਫ਼ਤ ਚੈੱਕਅੱਪ ਕੀਤਾ ਗਿਆ । ਇਸ ਮੌਕੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ ਅਤੇ ਉਹਨਾਂ ਦੇ ਸ਼ੂਗਰ ਟੈਸਟ ਵੀ ਮੁਫਤ ਕੀਤੇ ਗਏ ।

ਕਾਬਲੇਗੌਰ ਹੈ ਕਿ ਸੀਨੀਅਰ ਟਰੱਸਟ ਮੈਂਬਰ ਸ. ਦਰਸ਼ਨ ਸਿੰਘ ਮਾਹਿਲ ਅਤੇ ਉਹਨਾਂ ਦੀ ਧਰਮ ਪਤਨੀ ਬੀਬੀ ਸੁਖਵਿੰਦਰ ਕੌਰ ਮਾਹਿਲ ਦੀ ਅਗਵਾਈ ਵਿਚ ਸ. ਸ਼ਮਸ਼ੇਰ ਸਿੰਘ ਮਾਹਿਲ ਅਤੇ ਦਲਜੀਤ ਕੌਰ ਮਾਹਿਲ ਕੈਨੇਡਾ, ਸ. ਬਲਜਿੰਦਰ ਸਿੰਘ ਮਾਹਿਲ ਅਤੇ ਹਰਜੀਤ ਕੌਰ ਮਾਹਿਲ ਕੈਨੇਡਾ, ਬੀਬੀ ਦਰਸ਼ਨ ਕੌਰ ਪੁਰੇਵਾਲ ਯੂ.ਕੇ. ਅਤੇ ਅਵਤਾਰ ਸਿੰਘ ਪੁਰੇਵਾਲ ਯੂ ਕੇ, ਬੀਬੀ ਰਸ਼ਪਾਲ ਕੌਰ ਸੰਧੂ ਕੈਨੇਡਾ ਪਤਨੀ ਲੇਟ ਹਰਜੀਤ ਸਿੰਘ ਸੰਧੂ ਕੈਨੇਡਾ, ਨਰਿੰਦਰ ਕੌਰ ਤੱਖਰ ਅਤੇ ਬਲਹਾਰ ਸਿੰਘ ਤੱਖਰ ਕੈਨੇਡਾ, ਮਨਪ੍ਰੀਤ ਕੌਰ ਉੱਪਲ ਅਤੇ ਰਣਵੀਰ ਸਿੰਘ ਉੱਪਲ ਕੈਨੇਡਾ, ਜਸਪ੍ਰੀਤ ਕੌਰ ਗਿੱਲ ਅਮਰੀਕਾ ਅਤੇ ਇੰਦਰਪਾਲ ਗਿੱਲ ਅਮਰੀਕਾ, ਅਮਨਦੀਪ ਕੌਰ ਧਾਲੀਵਾਲ ਅਤੇ ਗੌਰਵਜੀਤ ਧਾਲੀਵਾਲ ਕੈਨੇਡਾ, ਅਮਰਜੀਤ ਕੌਰ ਤੇ ਗੁਰਜੀਤ ਸਿੰਘ ਬਰਾੜ ਕੈਨੇਡਾ, ਗੁਰਿੰਦਰ ਕੌਰ ਮਾਹਿਲ ਤੇ ਸ਼ਰਨਜੀਤ ਸਿੰਘ ਮਾਹਿਲ ਯੂ ਐਸ ਏ, ਚਾਚੀ ਜੀ ਰਛਪਾਲ ਕੌਰ ਮਾਹਿਲ ਤੇ ਚਾਚਾ ਜੀ ਸ. ਅਵਤਾਰ ਸਿੰਘ ਮਾਹਿਲ ਯੂ.ਐਸ.ਏ, ਚਾਚੀ ਜੀ ਸੁਰਜੀਤ ਕੌਰ ਮਾਹਿਲ ਤੇ ਚਾਚਾ ਜੀ ਸ. ਰਘਬੀਰ ਸਿੰਘ ਮਾਹਿਲ ਕੈਨੇਡਾ, ਚਾਚੀ ਜੀ ਸਰਬਜੀਤ ਕੌਰ ਤੇ ਚਾਚਾ ਜੀ ਸ. ਜਸਵੀਰ ਸਿੰਘ ਮਾਹਿਲ ਪਿੰਡ ਮਾਹਿਲ ਗਹਿਲਾਂ ਅਤੇ ਸਮੂਹ ਆਰ-ਪਰਿਵਾਰ ਵੱਲੋਂ ਹਰ ਸਾਲ ਫਰੀ ਮੈਡੀਕਲ ਸਹਾਇਤਾ ਲੋੜਵੰਦਾਂ ਨੂੰ ਪ੍ਰਦਾਨ ਕਰਨ ਲਈ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ ।

ਇਸ ਮੌਕੇ ਸਮੂਹ ਮਾਹਿਲ ਪਰਿਵਾਰ ਤੋਂ ਇਲਾਵਾ ਸ. ਜਗਜੀਤ ਸਿੰਘ ਸੋਢੀ ਮੀਤ ਸਕੱਤਰ, ਸ. ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ, ਪ੍ਰਿੰਸੀਪਲ ਹਰਜੀਤ ਸਿੰਘ ਮਾਹਿਲ, ਸ੍ਰੀ ਢੇਰੂ ਰਾਮ ਦਰਦੀ, ਸ ਜਸਵੀਰ ਸਿੰਘ ਰਾਣਾ, ਸ ਬਲਦੇਵ ਸਿੰਘ ਮਾਹਿਲ, ਸ. ਨਿਰਮਲ ਸਿੰਘ ਬੰਗਾ, ਹੈੱਡ ਮਾਸਟਰ ਬਲਵੀਰ ਸਿੰਘ, ਸ. ਸ਼ਿੰਗਾਰਾ ਸਿੰਘ ਮਾਹਿਲ ਪ੍ਰਧਾਨ, ਸ. ਪ੍ਰਗਟ ਸਿੰਘ ਮੁਕੰਦਪੁਰ ਸਮੂਹ ਮਾਹਿਲ ਪਰਿਵਾਰ ਅਤੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ । ਇਸ ਮੌਕੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ । ਸਾਰਾ ਦਿਨ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਪ੍ਰਿੰਸੀਪਲ ਹਰਜੀਤ ਸਿੰਘ ਮਾਹਿਲ ਨੇ ਬਾਖੂਬੀ ਨਿਭਾਈ । ਇਸ ਮੌਕੇ ਪਤਵੰਤੇ ਸੱਜਣਾਂ ਅਤੇ ਸਮੂਹ ਮੈਡੀਕਲ ਟੀਮ ਦਾ ਸਨਮਾਨ ਵੀ ਕੀਤਾ ਗਿਆ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਹਿੰਦੂ ਵੋਟ ਬੈਂਕ ਉੱਪਰ ਗੰਭੀਰਤਾ ਨਾਲ ਪਹਿਰਾ ਦੇਣਾ ਸ਼ੁਰੂ ਕਰ ਚੁੱਕਾ ਸ਼੍ਰੋਮਣੀ ਅਕਾਲੀ ਦਲ!



**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਭਾਰਤੀ ਜਨਤਾ ਪਾਰਟੀ ਨਾਲੋਂ ਵੱਖ ਹੋ ਕੇ ਅੰਦਰੂਨੀ ਖਿੱਚੋਤਾਣ ਤੋਂ ਬਾਹਰ ਨਿਕਲਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਿੰਦੂ ਵੋਟ ਬੈਂਕ ਉੱਪਰ ਸਿੱਧੇ ਤੌਰ 'ਤੇ ਕੰਮ ਕਰਦਿਆਂ ਜਿਸ ਤਰ੍ਹਾਂ ਆਪਣੀਆਂ ਗਤੀਵਿਧੀਆਂ ਤੇਜ਼ ਕੀਤੀਆਂ ਹੋਈਆਂ ਹਨ, ਉਸ ਤੋਂ ਰਾਜਨੀਤਿਕ ਗਲਿਆਰਿਆਂ ਵਿੱਚ ਇਹ ਚਰਚਾ ਸ਼ੁਰੂ ਹੋ ਚੁੱਕੀ ਹੈ ਕਿ ਸ਼੍ਰੋਮਣੀ ਅਕਾਲੀ ਦਲ 2027 ਵਿੱਚ ਹਿੰਦੂ ਲੀਡਰਸ਼ਿਪ ਅਤੇ ਚਿਹਰਿਆਂ ਨੂੰ ਪਹਿਲਾਂ ਨਾਲੋਂ ਵੱਧ ਤਵੱਜੋ ਦੇਣ ਲੱਗ ਪਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਖਜਾਨਚੀ, ਸਾਬਕਾ ਵਿਧਾਇਕ ਅਤੇ ਵਪਾਰ ਵਿੰਗ ਦੇ ਪ੍ਰਧਾਨ ਐਨ ਕੇ ਸ਼ਰਮਾ ਵੱਲੋਂ ਜਿਸ ਤਰ੍ਹਾਂ ਸੂਬੇ ਭਰ ਵਿੱਚ ਵਿਅਕਤੀਗਤ ਤੌਰ ਅਤੇ ਕਈ ਥਾਵਾਂ 'ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ

ਸਮਾਜ ਵੀਕਲੀ ਨਿਊਜ਼

ਨੂੰ ਨਾਲ ਲੈ ਕੇ ਨਿੱਜੀ ਸਮਾਗਮਾਂ ਵਿੱਚ ਸ਼ਮੂਲੀਅਤ ਕਰਨੀ ਸ਼ੁਰੂ ਕੀਤੀ ਹੋਈ ਹੈ ਅਤੇ ਇਸ ਸਬੰਧੀ ਆਪਣੇ ਸੋਸ਼ਲ ਮੀਡੀਆ ਹੈਂਡਲ ਤੇ ਪੋਸਟਾਂ ਪਾ ਕੇ ਜਨਤਕ ਤੌਰ ਤੇ ਵੀਡੀਓ, ਫੋਟੋਆਂ ਵਾਇਰਲ ਕੀਤੀਆਂ ਜਾ ਰਹੀਆਂ ਹਨ, ਉਸਦੇ ਨਾਲ ਉਪਰੋਕਤ ਚਰਚਾਵਾਂ ਨੂੰ ਹੋਰ ਬਲ ਮਿਲ ਰਿਹਾ ਹੈ। ਬੀਤੇ ਦਿਨੀ ਹੁਸ਼ਿਆਰਪੁਰ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ, ਪਾਰਟੀ ਦੇ ਵਪਾਰ ਵਿੰਗ ਦੇ ਚਾਰ ਜਿਲਿਆਂ ਦੇ ਇੰਚਾਰਜ ਅਤੇ ਕੋਰ ਕਮੇਟੀ ਮੈਂਬਰ ਸੰਜੀਵ ਤਲਵਾੜ ਦੀ ਭਤੀਜੀ ਦੇ ਵਿਆਹ ਸਮਾਗਮ ਵਿੱਚ ਜ਼ਿਲੇ ਦੀ ਸਮੁੱਚੀ ਲੀਡਰਸ਼ਿਪ ਨੂੰ ਨਾਲ ਲੈ ਕੇ ਸ਼ਮੂਲੀਅਤ ਕਰਨਾ, ਉਹ ਵੀ ਉਸ ਸਮੇਂ ਜਦੋਂ ਬਿਕਰਮਜੀਤ ਸਿੰਘ ਮਜੀਠੀਆ ਦੀ ਤਾਜ਼ਾ ਤਾਜ਼ਾ ਰਿਹਾਈ ਹੋਈ ਹੈ, ਕਈ ਤਰ੍ਹਾਂ ਦੇ ਸਿਆਸੀ ਸੰਕੇਤ ਦੇ ਰਿਹਾ ਹੈ। ਇਸ ਸਮਾਗਮ ਦੌਰਾਨ ਸੁਖਬੀਰ ਸਿੰਘ ਬਾਦਲ ਵੱਲੋਂ ਨਵੇਂ ਚਿਹਰਿਆਂ ਨਾਲ ਅਤੇ ਵਿਸ਼ੇਸ਼ ਤੌਰ 'ਤੇ ਹਿੰਦੂ ਸਮਾਜ ਦੇ ਜਿੰਮੇਵਾਰ ਵਿਅਕਤੀਆਂ ਨਾਲ ਨੇੜਤਾ ਦਿਖਾਉਣਾ ਭਵਿੱਖ ਦੀ ਰਾਜਨੀਤੀ ਵੱਲ ਇਸ਼ਾਰਾ ਕਰ ਰਿਹਾ ਹੈ। ਸੁਖਬੀਰ ਸਿੰਘ ਬਾਦਲ ਦੀ ਹੁਸ਼ਿਆਰਪੁਰ ਫੇਰੀ ਨੇ ਸੰਜੀਵ ਤਲਵਾੜ ਦਾ ਰਾਜਨਿਤਕ ਕੱਦ ਕਾਠ ਜਿੱਥੇ ਉੱਚਾ ਕੀਤਾ ਹੈ ਉੱਥੇ ਨਾਲ ਹੀ ਸੰਜੀਵ ਤਲਵਾੜ 'ਤੇ ਜਿਲ੍ਹਾ ਹੁਸ਼ਿਆਰਪੁਰ ਦੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਪ੍ਰਮਾਣਿਤ ਹਿੰਦੂ ਲੀਡਰ ਹੋਣ ਦੀ ਮੋਹਰ ਵੀ ਲਗਾ ਦਿੱਤੀ ਹੈ। **ਫੋਟੋ ਅਜਮੇਰ ਦੀਵਾਨਾ**

## ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਵਲੋਂ 14 ਫਰਵਰੀ ਨੂੰ ਵਿੱਤ ਮੰਤਰੀ ਚੀਮਾ ਦੀ ਕੋਠੀ ਦਾ ਘਿਰਾਓ : ਗੁਰਵਿੰਦਰ ਸਿੰਘ



**ਰਾਏਕੋਟ (ਗੁਰਭਿੰਦਰ ਗੁਰੀ)** ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੇ ਬੈਨਰ ਹੇਠ ਕੰਪਿਊਟਰ ਅਧਿਆਪਕਾਂ ਵਲੋਂ 14 ਫਰਵਰੀ ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਕੋਠੀ ਦਾ ਘਿਰਾਓ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਦੀ ਅਗਵਾਈ ਹੇਠ ਕੀਤਾ ਜਾਵੇਗਾ। ਇਹ ਜਾਣਕਾਰੀ ਸੀਨੀਅਰ ਮੀਤ ਪ੍ਰਧਾਨ ਸੰਦੀਪ ਵਾਲੀਆ ਅਤੇ ਸੂਬਾ ਜਰਨਲ ਸੱਕਤਰ ਹਰਪ੍ਰੀਤ ਸਿੰਘ ਨੇ ਇੱਕ ਸਾਂਝੇ ਪ੍ਰੈੱਸ ਬਿਆਨ ਰਾਂਹੀ ਦਿੱਤੀ। ਉਹਨਾਂ ਕਿਹਾ ਕਿ ਸਰਕਾਰ ਵੱਲੋ ਕੰਪਿਊਟਰ ਅਧਿਆਪਕਾਂ ਪ੍ਰਤੀ ਆਪਣਾਏ ਜਾ ਰਹੇ ਭੇਦ ਭਾਵ ਦੇ ਵਤੀਰੇ ਵਿਰੁੱਧ ਅਧਿਆਪਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਹੁਣ ਤੱਕ ਜੱਥੇਬੰਦੀ ਦੇ ਪੱਲੇ ਲਾਰਿਆ ਤੋਂ ਸਿਵਾਏ ਕੁਝ ਨਹੀਂ ਪਾਇਆ। ਭਾਵੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨੇ ਕੰਪਿਊਟਰ ਅਧਿਆਪਕਾਂ ਨੂੰ 2022 ਦੀ ਦੀਵਾਲੀ ਤੇ ਪੂਰਨ ਰੂਪ ਵਿੱਚ ਸਿਵਲ ਸੇਵਾਵਾਂ ਦੇ ਨਿਯਮ ਅਤੇ 6ਵਾਂ ਤਨਖਾਹ ਕਮਿਸ਼ਨ ਦੀਵਾਲੀ ਤੋਂ ਪਹਿਲਾ ਲਾਗੂ ਕਰਨ ਦਾ ਐਲਾਨ ਕੀਤਾ ਸੀ। ਪਰ ਉਹਨਾਂ ਦਾ ਇਹ ਵਾਅਦਾ ਹੁਣ ਤੱਕ ਵਫ਼ਾ ਨਹੀਂ ਹੋ ਸਕਿਆ। ਜਿਸ ਕਾਰਨ ਸੂਬੇ ਦੇ ਸਾਰੇ ਕੰਪਿਊਟਰ ਅਧਿਆਪਕਾਂ ਵਿੱਚ ਸਰਕਾਰ ਪ੍ਰਤੀ ਭਾਰੀ ਰੋਸ ਹੈ। ਜਿਸ ਦੇ ਕਰਕੇ ਜੱਥੇਬੰਦੀ ਵਲੋਂ 14 ਫਰਵਰੀ ਨੂੰ ਸੰਗਰੂਰ ਵਿਖੇ ਹਰਪਾਲ ਸਿੰਘ ਚੀਮਾ -ਵਿੱਤ ਮੰਤਰੀ ਪੰਜਾਬ ਦੀ ਕੋਠੀ ਘਿਰਾਓ ਕੀਤਾ ਜਾਵੇਗਾ ।ਜਿਸ ਦੀ ਪੂਰਨ ਰੂਪ ਵਿੱਚ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ । ਉਹਨਾਂ ਸਮੂਹ ਕੰਪਿਊਟਰ ਅਧਿਆਪਕਾਂ ਨੂੰ ਇਸ ਘਰਾਓ ਵਿੱਚ ਵੱਧ ਚੜ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

ਸਮਾਜ ਵੀਕਲੀ ਨਿਊਜ਼

## ਜੱਬੋਵਾਲ 'ਚ ਕ੍ਰਾਂਤੀਕਾਰੀ ਰਹਿਬਰ, ਜ਼ਬਰ-ਜ਼ੁਲਮ ਦੇ ਖ਼ਿਲਾਫ਼ ਬੁਲੰਦ ਆਵਾਜ਼ ਕਰਨ ਵਾਲੇ ਰਹਿਬਰ ਦਾ ਪ੍ਰਕਾਸ਼ ਪੁਰਬ ਮਨਾਇਆ

### ਪੰਥ ਦੇ ਪ੍ਰਸਿੱਧ ਢਾਡੀ ਪ੍ਰਸਿੱਧ ਢਾਡੀ ਜੱਥਾ ਚਰਨ ਸਿੰਘ ਆਲਮਗੀਰ ਨੇ ਸੰਗਤਾਂ ਨੂੰ ਕੀਤਾ ਨਿਹਾਲ



**ਨਵਾਂਸ਼ਹਿਰ (ਜਤਿੰਦਰਪਾਲ ਸਿੰਘ ਕਲੇਰ )** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649 ਵੇਂ ਪ੍ਰਕਾਸ਼ ਦਿਹਾੜੇ ਪਿੰਡ ਜੱਬੋਵਾਲ ਵਿੱਚ ਜੈ ਕਾਰਿਆਂ ਦੇ ਨਾਲ ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਨਾਲ ਨਗਰ ਕੀਰਤਨ ਸਜਾਇਆ ਗਿਆ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਫੁੱਲਾਂ ਵਾਲੀ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਹਨ। ਨਗਰ ਕੀਰਤਨ ਦਾ ਪਿੰਡ ਵਿੱਚ ਵੱਖ-ਵੱਖ ਥਾਵਾਂ 'ਤੇ ਭਰਵਾਂ ਸਵਾਗਤ ਕੀਤਾ ਗਿਆ। ਯੁੱਗ ਪਲਟਾਊ ਕ੍ਰਾਂਤੀਕਾਰੀ ਰਹਿਬਰ, ਸਾਹਿਬ-ਏ-ਕਮਾਲ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ ਪੁਰਬ ਵਿਸ਼ਵ ਭਰ ਦੇ ਕੋਨੇ ਕੋਨੇ ਵਿੱਚ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ। ਨਗਰ ਕੀਰਤਨ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਥਾਨ ਤੋਂ ਅਰੰਭ ਹੋਇਆਂ ਪਹਿਲਾਂ ਪੜਾਅ ਡਾ ਅੰਬੇਡਕਰ ਸਾਹਿਬ ਜੀ ਦੇ ਬਣੇ ਸਥਾਨ ਤੇ ਉਸ ਤੋਂ ਚਾਲੇ ਪਾ ਕੇ ਦੂਸਰਾ ਪੜਾਅ ਗੁਰਦੁਆਰਾ ਬਾਬਾ ਸ਼ਹੀਦਾਂ ਸਿੰਘ ਤੀਸਰਾ ਪੜਾਅ ਗੁਰਦੁਆਰਾ ਸਿੰਘ ਸਭਾ ਚੌਥਾ ਪੜਾਅ ਸ਼ਿਵ ਪ੍ਰਾਚੀਨ ਮੰਦਰ ਪੰਜਵਾਂ ਪੜਾਅ ਗੁਰਦੁਆਰਾ ਅਮਰ ਪੱਟੀ ਸਾਹਿਬ ਤੋਂ ਚਾਲੇ ਪਾਉਂਦਾ ਹੋਇਆ ਅਖੀਰਲੇ ਪੜਾਅ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਥਾਨ ਤੇ ਪਹੁੰਚ ਕੇ ਸੰਗਤਾਂ ਨੂੰ ਅਤੁੱਟ ਲੰਗਰ ਵਰਤਾਇਆ ਗਿਆ। ਪੰਥ ਦੇ ਪ੍ਰਸਿੱਧ ਢਾਡੀ ਪ੍ਰਸਿੱਧ ਢਾਡੀ ਜੱਥਾ ਚਰਨ ਸਿੰਘ ਆਲਮਗੀਰ ਨੇ ਕੀਤਾ ਸੰਗਤਾਂ ਨੂੰ ਨਿਹਾਲ ਨੇ ਕਿਹਾ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਮਨੁੱਖਤਾ ਨੂੰ ਸਮਾਨਤਾ, ਜਾਤ-ਪਾਤ ਤੋ ਰਹਿਤ ਸਮਾਜ ਦੀ ਸਿਰਜਣਾ, ਸਿਮਰਨ, ਕਿਰਤ ਕਰਨ ਅਤੇ ਵੰਡ ਛਕਣ ਦਾ ਜਿਹੜਾ ਉਪਦੇਸ਼ ਦਿੱਤਾ ਹੈ, ਉਸ 'ਤੇ ਸਾਨੂੰ ਅਮਲ ਕਰਨਾ ਚਾਹੀਦਾ ਹੈ। ਗੁਰਬਾਣੀ ਅਤੇ ਵਾਰਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਉਨ੍ਹਾਂ ਕਿਹਾ ਰੰਗ ਰੂਪ,ਊਚ ਨੀਚ ਆਦਿ ਸਭ ਸ਼ੈਤਾਨੀ ਦਿਮਾਗ਼ ਦੀ ਕਾਢ ਹੈ। ਮਨੁੱਖ ਦਾ ਸਰੀਰ ਨਾਸ਼ਵਾਨ ਹੈ ਰੱਬ ਦੀ ਸੱਚੀ ਭਗਤੀ ਦੇ ਵਿੱਚ ਹੀ ਸੱਚਾ ਅਨੰਦ ਹੈ। ਕ੍ਰਾਂਤੀਕਾਰੀ ਰਹਿਬਰ, ਜ਼ਬਰ-ਜ਼ੁਲਮ ਦੇ ਖ਼ਿਲਾਫ਼ ਬੁਲੰਦ ਆਵਾਜ਼, ਸਮਾਜਿਕ ਬਰਾਬਰਤਾ, ਅਡੰਬਰਾਂ, ਨਫ਼ਰਤ,ਛੂਤ-ਛਾਤ ਅਤੇ ਊਚ-ਨੀਚ ਨੂੰ ਤਿਆਗ ਕੇ ਮਾਨਵਤਾ ਦੀ ਭਲਾਈ ਦਾ ਸੰਦੇਸ਼ ਦਿੱਤਾ ਸੀ। ਆਓ ਉਸ ਸੰਦੇਸ਼ ਨੂੰ ਅਮਲੀ ਰੂਪ ਦੇਣ ਲਈ ਆਪਣੇ ਆਪ ਤੋਂ ਸ਼ੁਰੂਆਤ ਕਰਨ ਦੀ ਗੱਲ ਅਤੇ ਬੇਗਮਪੁਰਾ ਦੀ ਸੋਚ ਦੇ ਧਾਰਨੀ ਬਣੋ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਕਾਲ ਬਾਰੇ ਚਾਨਣਾ ਪਾਇਆ ਸੰਗਤਾਂ ਨੂੰ ਬਾਣੀ ਨਾਲ ਜੁੜਨ ਦਾ ਉਪਦੇਸ਼ ਦਿੱਤਾ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਆਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। 08 ਤਰੀਕ ਪਾਠ ਦੇ ਭੋਗ ਪਾਉਣ ਉਪਰੰਤ ਹੈਡ ਗ੍ਰੰਥੀ ਫਤਿਹਗੜ੍ਹ ਸਾਹਿਬ ਸਰਦਾਰ ਹਰਪਾਲ ਸਿੰਘ

ਗੁਰੂ ਮਹਿਮਾ ਨਾਲ ਜੋੜਨ ਗਏ ਜੱਬੋਵਾਲ ਦੀਆਂ ਸੰਗਤਾਂ ਵੱਲੋਂ 89 ਸਾਲ ਤੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਗੁਰਪੁਰਬ ਮਨਾਇਆ ਜਾ ਰਿਹਾ। ਗੁਰੂ ਘਰ ਦੇ ਹੈੱਡ ਗ੍ਰੰਥੀ ਹਰਦੇਵ ਸਿੰਘ ਨੇ ਆਪਣੇ ਉਪਦੇਸ਼ ਵਿੱਚ ਕਿਹਾ ਕਿ ਗੁਰੂ ਸਾਹਿਬਾਨ ਦੇ ਕਹੇ ਹੋਏ ਉਪਦੇਸ਼ ਤੇ ਨਾਲ ਜੁੜੋ। ਅਖੀਰ ਦੇ ਵਿੱਚ ਆਈਆਂ ਹੋਈਆਂ ਸੰਗਤਾਂ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ।

# ਦੂਜੀ ਸ਼ਹੀਦ ਭਗਤ ਸਿੰਘ ਯੁੱਧ ਨਸ਼ੇ ਵਿਰੁੱਧ ਮੈਮੋਰੀਅਲ ਕ੍ਰਿਕਟ ਪ੍ਰੀਮੀਅਰ ਲੀਗ ਵਿੱਚ ਐਸਐਸਪੀ 11 ਜਿੱਤੀ, ਜੀਸੀ 11 ਉਪ ਜੇਤੂ: ਡਾ. ਘਈ

## ਐਚਡੀਸੀਏ ਨੌਜਵਾਨਾਂ ਵਿੱਚ ਨਸ਼ਿਆਂ ਦੀ ਦੁਰਵਰਤੋਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਲੀਗਾਂ ਦਾ ਆਯੋਜਨ ਜਾਰੀ ਰੱਖੇਗਾ



**ਹੁਸ਼ਿਆਰਪੁਰ (ਤਰਸੇਮ ਦੀਵਾਨਾ )** - ਐਚਡੀਸੀਏ ਦੁਆਰਾ ਆਯੋਜਿਤ ਕੀਤੀ ਜਾ ਰਹੀ ਦੂਜੀ ਸ਼ਹੀਦ ਭਗਤ ਸਿੰਘ ਯੁੱਧ ਨਸ਼ੇ ਵਿਰੁੱਧ ਯਾਦਗਿਰੀ ਕ੍ਰਿਕਟ ਪ੍ਰੀਮੀਅਰ ਲੀਗ ਦੇ ਫਾਈਨਲ ਮੈਚ ਵਿੱਚ, ਐਸਐਸਪੀ 11 ਨੇ ਡੀਸੀ 11 ਨੂੰ 5 ਵਿਕਟਾਂ ਨਾਲ ਹਰਾ ਕੇ ਲਗਾਤਾਰ ਦੂਜੀ ਵਾਰ ਜੇਤੂ ਬਣਨ ਦਾ ਮਾਣ ਪ੍ਰਾਪਤ ਕੀਤਾ। ਜਾਣਕਾਰੀ ਦਿੰਦੇ ਹੋਏ ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ ਅੱਜ ਦੇ ਫਾਈਨਲ ਮੈਚ ਵਿੱਚ, ਡੀਸੀ 11 ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ, 20 ਓਵਰਾਂ ਵਿੱਚ 8 ਵਿਕਟਾਂ ਦੇ ਨੁਕਸਾਨ 'ਤੇ 151 ਦੌੜਾਂ ਬਣਾਈਆਂ। ਤੇਜਿੰਦਰ ਚੱਢਾ ਨੇ 65, ਪਿਊਸ਼ ਨੇ 54 ਅਤੇ ਕਪਤਾਨ ਡਾ. ਪੰਕਜ ਸ਼ਿਵ ਨੇ 14 ਦੌੜਾਂ ਦਾ ਯੋਗਦਾਨ ਪਾਇਆ। ਐਸਐਸਪੀ 11 ਲਈ ਗੇਂਦਬਾਜ਼ੀ ਕਰਦੇ ਹੋਏ, ਤਰਲੋਚਨ ਰਾਣਾ ਅਤੇ ਕਪਤਾਨ ਸੁਭਾਸ਼ ਚੰਦਰ ਨੇ 3-3 ਵਿਕਟਾਂ ਲਈਆਂ, ਜਦੋਂ ਕਿ ਡੀਸੀ 11 ਵੱਲੋਂ ਲਵਪ੍ਰੀਤ ਅਤੇ ਰਾਕੀ ਨੇ 1-1 ਖਿਡਾਰੀ ਨੂੰ ਆਊਟ ਕੀਤਾ। 20 ਓਵਰਾਂ ਵਿੱਚ 152 ਦੌੜਾਂ ਦਾ ਟੀਚਾ ਰੱਖਦੇ ਹੋਏ, ਐਸਐਸਪੀ 11 ਨੇ ਸ਼ਾਨਦਾਰ ਬੱਲੇਬਾਜ਼ੀ ਕੀਤੀ, ਪ੍ਰਦੀਪ ਦੇ 53, ਲਵਲੀ ਦੇ ਨਾਬਾਦ 49 ਅਤੇ ਕਪਤਾਨ ਸੁਭਾਸ਼ ਚੰਦਰ ਦੇ 31 ਦੌੜਾਂ ਦੀ ਬਦੌਲਤ 19.3 ਓਵਰਾਂ ਵਿੱਚ 153 ਦੌੜਾਂ ਬਣਾ ਕੇ ਸ਼ਹੀਦ ਭਗਤ ਸਿੰਘ ਮੈਮੋਰੀਅਲ ਲੀਗ ਦੇ ਜੇਤੂ ਬਣੇ। ਅੱਜ ਖੇਡੇ ਗਏ ਫਾਈਨਲ ਮੈਚ ਵਿੱਚ ਟਾਸ ਸਾਬਕਾ ਭਾਜਪਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਕੀਤਾ, ਅਤੇ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਖਿਡਾਰੀਆਂ ਨਾਲ ਜਾਣ-ਪਛਾਣ ਕਰਵਾਈ ਅਤੇ ਮੈਚ ਦੀ ਸ਼ੁਰੂਆਤ ਕੀਤੀ। ਸਾਬਕਾ ਕੈਬਨਿਟ ਮੰਤਰੀ ਅਤੇ ਹੁਸ਼ਿਆਰਪੁਰ ਦੇ ਵਿਧਾਇਕ ਨੇ ਖਿਡਾਰੀਆਂ ਨੂੰ ਇਨਾਮ ਵੰਡੇ। ਮੁੱਖ ਮਹਿਮਾਨਾਂ ਨੇ ਸਮਾਜ ਦੇ ਸਾਰੇ ਵਰਗਾਂ ਨੂੰ ਨਸ਼ਿਆਂ ਵਿਰੁੱਧ ਜੰਗ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਐਚਡੀਸੀਏ ਦੇ ਪ੍ਰਧਾਨ ਡਾ. ਦਲਜੀਤ ਖੇਲਾ ਨੇ ਕਿਹਾ ਕਿ ਐਚਡੀਸੀਏ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਜਾਗਰੂਕਤਾ ਪੈਦਾ ਕਰਨ ਲਈ ਅਜਿਹੀਆਂ ਕ੍ਰਿਕਟ ਲੀਗਾਂ ਦਾ ਆਯੋਜਨ ਕਰਦਾ ਰਹੇਗਾ, ਤਾਂ ਜੋ ਵੱਧ ਤੋਂ ਵੱਧ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਿਆ ਜਾ ਸਕੇ ਅਤੇ ਖੇਡਾਂ ਨਾਲ ਜੋੜਿਆ ਜਾ ਸਕੇ। ਦੂਜੀ ਸ਼ਹੀਦ ਭਗਤ ਸਿੰਘ ਵਾਰ ਅਗੇਂਸਟ ਡਰੱਗਜ਼ ਮੈਮੋਰੀਅਲ ਕ੍ਰਿਕਟ ਪ੍ਰੀਮੀਅਰ ਲੀਗ ਵਿੱਚ, ਡੀਸੀ 11 ਦੇ ਕਪਤਾਨ ਡਾ. ਪੰਕਜ ਨੂੰ ਮੈਨ ਆਫ਼ ਦ ਸੀਰੀਜ਼, ਤੇਜਿੰਦਰ ਚੱਢਾ ਨੂੰ ਬੈਸਟ ਬੱਲੇਬਾਜ਼, ਤਿਰਲੋਚਨ ਰਾਣਾ ਨੂੰ ਬੈਸਟ ਗੇਂਦਬਾਜ਼, ਡਾ. ਉਪਿੰਦਰ ਸੰਧੂ ਨੂੰ ਬੈਸਟ ਫੀਲਡਰ ਅਤੇ ਜਤਿੰਦਰ ਲਵਲੀ ਨੂੰ ਟੂਰਨਾਮੈਂਟ ਦਾ ਬੈਸਟ ਵਿਕਟਕੀਪਰ ਚੁਣਿਆ ਗਿਆ। ਇਸ ਮੌਕੇ ਐਚਡੀਸੀਏ ਨੇ ਜ਼ਿਲ੍ਹਾ ਕੋਚ ਦਲਜੀਤ ਸਿੰਘ, ਸਾਬਕਾ ਰਾਸ਼ਟਰੀ ਖਿਡਾਰੀ ਅਤੇ ਟ੍ਰੇਨਰ ਕੁਲਦੀਪ ਧਾਮੀ, ਜੂਨੀਅਰ ਕੋਚ ਦਲਜੀਤ ਧੀਮਾਨ, ਪੰਕਜ ਪਿੰਕਾ, ਦਿਨੇਸ਼ ਸ਼ਰਮਾ, ਜ਼ਿਲ੍ਹਾ ਮਹਿਲਾ ਸੀਨੀਅਰ ਕੋਚ ਦਵਿੰਦਰ ਕੌਰ ਕਲਿਆਣ, ਜੂਨੀਅਰ ਕੋਚ ਨਿਕਿਤਾ ਕੁਮਾਰੀ ਅਤੇ ਗਰਾਊਂਡਸਮੈਨ ਸੋਢੀ ਰਾਮ ਨੂੰ ਜ਼ਿਲ੍ਹਾ ਕ੍ਰਿਕਟ ਨੂੰ ਉਤਸ਼ਾਹਿਤ ਕਰਨ ਵਿੱਚ ਯੋਗਦਾਨ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਸਮਾਰੋਹ ਦੌਰਾਨ ਐਸਡੀਐਮ (ਮੁਕੇਰੀਆਂ) ਉਰਵਸ਼ੀ ਕੁਮਾਰੀ, ਸਾਬਕਾ ਸੰਯੁਕਤ ਕਮਿਸ਼ਨਰ ਸੰਦੀਪ ਤਿਵਾੜੀ ਅਤੇ ਸੋਨਾਲੀਕਾ ਦੇ ਉਪ ਪ੍ਰਧਾਨ ਅਤੁਲ ਸ਼ਰਮਾ ਨੂੰ ਵੀ ਸਨਮਾਨਿਤ ਕੀਤਾ ਗਿਆ। ਫਾਈਨਲ ਮੈਚ ਵਿੱਚ ਸਾਬਕਾ ਖਿਡਾਰੀ ਸਾਹਬ ਦਿਆਲ, ਵਿਵੇਕ ਸਾਹਨੀ, ਅਸ਼ੋਕ ਕੁਮਾਰ, ਮਨੋਜ ਓਹਰੀ, ਜਤਿੰਦਰ ਸੂਦ, ਐਡਵੋਕੇਟ ਅਰਵਿੰਦ ਸੂਦ, ਸੁਭਾਸ਼ ਸ਼ਰਮਾ, ਠਾਕੁਰ ਜੋਗਰਾਜ, ਅਮਿਤ ਠਾਕੁਰ, ਵਿੱਕੀ ਅਰੋੜਾ ਵੀ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਕਿਰਤੀ ਕਿਸਾਨ ਯੂਨੀਅਨ ਨੇ ਬਠਿੰਡਾ ਵਿਖੇ ਕਿਸਾਨਾਂ ਉਪਰ ਕਰਵਾਏ ਲਾਠੀਚਾਰਜ ਖਿਲਾਫ ਪੰਜਾਬ ਸਰਕਾਰ ਦੀ ਸਾੜੀ ਅਰਥੀ



**ਗੜਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਕਿਰਤੀ ਕਿਸਾਨ ਯੂਨੀਅਨ ਵਲੋਂ ਬਠਿੰਡਾ ਵਿਖੇ ਰੋਸ ਪ੍ਰਦਰਸ਼ਨ ਕਰਨ ਜਾ ਰਹੇ ਕਿਸਾਨਾ ਤੇ ਲਾਠੀਚਾਰਜ ਕਰਨ ਅਤੇ ਅਥਰੂ ਗੈਸ ਦੀ ਵਰਤੋਂ ਕਰਨ ਦੇ ਵਿਰੋਧ ਵਿੱਚ ਪਿੰਡ ਅਲੀਪੁਰ ਵਿੱਚ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਸਮੇਂ ਇਕੱਤਰ ਹੋਏ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਹਰਮੇਸ਼ ਸਿੰਘ ਢੇਸੀ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾ ਦੀਆਂ ਮੰਗਾਂ ਮੰਨਣ ਦੀ ਬਜਾਏ ਪੁਲਸ ਬਲ ਦਾ ਪ੍ਰਜੋਗ ਕਰ ਰਹੀ ਹੈ ਸਾਂਤਮਈ ਰੋਸ ਪ੍ਰਦਰਸ਼ਨ ਕਰਨ ਜਾ ਰਹੇ ਕਿਸਾਨਾ ਤੇ ਲਾਠੀਚਾਰਜ ਕਰਕੇ ਸਰਕਾਰ ਨੇ ਆਪਣਾ ਕਿਸਾਨ ਵਿਰੋਧੀ ਚਿਹਰਾ ਸਾਹਮਣੇ ਲਿਆ ਦਿੱਤਾ ਹੈ ਉਹਨਾਂ ਸਮੂਹ ਲੋਕਾਂ ਨੂੰ 12 ਫਰਵਰੀ ਨੂੰ ਹੋ ਰਹੇ ਦੇਸ਼ ਭਰ ਵਿੱਚ ਰੋਸ ਪ੍ਰਦਰਸ਼ਨ ਦੇ ਸੱਦੇ ਤਹਿਤ ਗੜ੍ਹਸ਼ੰਕਰ ਵਿਖੇ ਕੀਤੀ ਜਾ ਰਹੀ ਰੈਲੀ ਵਿੱਚ ਸਾਮਲ ਹੋਣ ਦਾ ਸੱਦਾ ਦਿੱਤਾ। ਅੱਜ ਦੇ ਰੋਸ ਪ੍ਰਦਰਸ਼ਨ ਵਿੱਚ ਸੰਤੋਖ ਸਿੰਘ ਢੇਸੀ, ਸੁੱਚਾ ਸਿੰਘ, ਕੁਲਵਿੰਦਰ ਸਿੰਘ, ਮੋਹਣ ਸਿੰਘ,ਮਹਿਦਰ ਸਿੰਘ ਆਦਿ ਕਿਸਾਨ ਹਾਜਰ ਸਨ।

# ਹੋਲੇ ਮਹੱਲੇ ਤੇ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਲੰਗਰ ਲਗਾਉਣ ਸਬੰਧੀ ਮੀਟਿੰਗ



**ਫਿਲੌਰ/ਅੱਪਰਾ (ਦੀਪਾ)**-ਹਰ ਸਾਲ ਦੀ ਤਰ੍ਹਾਂ ਇਲਾਕਾ ਨਿਵਾਸੀ ਸੰਗਤਾਂ ਵਲੋਂ ਐਨ. ਆਰ. ਆਈ. ਵੀਰਾਂ ਦੇ ਸਹਿਯੋਗ ਨਾਲ ਖਾਲਸਾਈ ਤਿਉਹਾਰ ਹੋਲੇ ਮਹੱਲੇ ਤੇ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਕਾ ਲੰਗਰ ਤੇ ਚਾਹ ਪਕੌੜਿਆ ਦਾ ਲੰਗਰ ਲਗਾਇਆ ਜਾਂਦਾ ਹੈ ਇਸ ਸਬੰਧੀ ਅੱਜ ਸੇਵਾਦਾਰਾਂ ਦੀ ਵਿਸ਼ੇਸ਼ ਇਕੱਤਰਤਾ ਅੱਪਰਾ ਵਿਖੇ ਹੋਈ ਜਿਸ ਵਿੱਚ ਲੰਗਰ ਲਗਾਉਣ ਸਬੰਧੀ ਵਿਚਾਰਾਂ ਕੀਤੀਆਂ ਗਈਆ । ਸੇਵਾਦਾਰਾਂ ਵਲੋਂ ਦੱਸਿਆ ਗਿਆ ਕਿ ਅੱਪਰਾ,ਮੋਰੋਂ, ਚਾਹਲ ਕਲਾਂ,ਹਕੀਮਪੁਰ ਦੀ ਸੰਗਤ 26 ਫਰਵਰੀ ਨੂੰ ਪਿੰਡ ਛੋਕਰਾਂ ਤੋਂ ਅਰਦਾਸ ਕਰਨ ਉਪਰੰਤ ਲੰਗਰ ਦੀ ਰਸਦ ਲੈ ਕੇ ਸ਼੍ਰੀ ਅਨੰਦਪੁਰ ਸਾਹਿਬ ਨੂੰ ਚਾਲੇ ਪਾਵੇਗੀ ਅਤੇ 27 ਫਰਵਰੀ ਤੋਂ ਲੰਗਰ ਚਲਾਇਆ ਜਾਵੇਗਾ। ਸੇਵਾਦਾਰਾਂ ਵਲੋਂ ਸੰਗਤਾਂ ਨੂੰ ਤਨ ਮਨ ਧਨ ਰਾਹੀਂ ਸੇਵਾ ਕਰਨ ਦੀ ਬੇਨਤੀ ਕੀਤੀ ਗਈ। ਇਸ ਮੌਕੇ ਨਿਰਮਲ ਸਿੰਘ ਖਾਲਸਾ, ਮਨਜੀਤ ਸਿੰਘ ਖਾਲਸਾ, ਬਲਵੀਰ ਸਿੰਘ ਸੋਮਲ, ਜਗਤਾਰ ਸਿੰਘ ਸੁਲਤਾਨਪੁਰ, ਕਾਕਾ ਹਕੀਮਪੁਰ, ਹਰਦੀਪ ਸਿੰਘ ਅੱਪਰਾ, ਕੁਲਦੀਪ ਸਿੰਘ ਜੌਹਲ, ਸੁਖਜੀਤ ਸਿੰਘ ਚਾਹਲ ਕਲਾਂ, ਗੁਰਚਰਨ ਸਿੰਘ ਜੱਸਲ, ਰਾਜਿੰਦਰ ਕੁਮਾਰ ਬਾਂਕਾ, ਕਮਲ ਕੁਮਾਰ ਆਦਿ ਸੇਵਾਦਾਰ ਹਾਜ਼ਿਰ ਸਨ ।

# ਜੰਮੂ ਆਰ.ਐਸ ਪੁਰਾ ਵਿਖੇ ਮੁਸ਼ਾਇਰੇ ਵਿਚ ਕਵੀਆਂ ਨੇ ਬਿਖੇਰਿਆ ਰੰਗ







**ਬਰਨਾਲਾ (ਚੰਡਿਹੋਕ)** ਜੰਮੂ ਅਤੇ ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗਵੇਜਿਜ਼ ਵੱਲੋਂ ਟੈਲੈਂਟਡ ਰਾਈਟਰਜ਼ ਫੋਰਮ, ਆਰ.ਐਸ. ਪੁਰਾ, ਜੰਮੂ ਦੇ ਸਹਿਯੋਗ ਨਾਲ ਆਰ.ਐਸ. ਪੁਰਾ, ਜੰਮੂ ਵਿੱਚ ਇੱਕ ਪੰਜਾਬੀ ਮੁਸ਼ਾਇਰਾ ਆਯੋਜਿਤ ਕੀਤਾ ਗਿਆ, ਜਿਸ ਵਿੱਚ ਆਰ.ਐਸ. ਪੁਰਾ ਖੇਤਰ ਦੇ ਸਥਾਨਕ ਕਵੀਆਂ ਨੇ ਸਰਗਰਮ ਹਿਸਾ ਲਿਆ। ਸ਼੍ਰੀ ਰਾਜੇਸ਼ ਬਿੱਟੂ, ਚੇਅਰਮੈਨ, ਅਤੇ ਸ਼੍ਰੀ ਰਾਜੇਸ਼ ਗੁਪਤਾ, ਪ੍ਰਧਾਨ, ਵੀ.ਐਚ.ਪੀ. ਜੰਮੂ ਨੇ ਗਰਾਊਂਡ ਲੈਵਲ ’ਤੇ ਇਸ ਤਰ੍ਹਾਂ ਦੇ ਪੰਜਾਬੀ ਸਾਹਿਤਕ ਕਾਰਜਕ੍ਰਮ ਕਰਵਾਉਣ ਦੀ ਮਹੱਤਤਾ ’ਤੇ ਰੌਸ਼ਨੀ ਪਾਈ। ਉਨ੍ਹਾਂ ਨੇ ਦੂਰ-ਦਰਾਜ਼ ਖੇਤਰ ਆਰ.ਐਸ. ਪੁਰਾ ਵਿੱਚ ਇਹ ਸ਼ਾਨਦਾਰ ਮੁਸ਼ਾਇਰਾ ਆਯੋਜਿਤ ਕਰਨ ਲਈ ਅਕੈਡਮੀ ਦੀ ਭੂਮਿਕਾ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ’ਤੇ ਸ਼੍ਰੀ ਪੋਪਿੰਦਰ ਸਿੰਘ ਪਾਰਸ, ਸੀਨੀਅਰ ਸੰਪਾਦਕ, ਸ਼ੀਰਾਜ਼ਾ ਪੰਜਾਬੀ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਅਕੈਡਮੀ ਦਾ ਉਦੇਸ਼ ਜੰਮੂ ਕਸ਼ਮੀਰ ਦੀਆਂ ਸਾਰੀਆਂ ਖੇਤਰੀ ਭਾਸ਼ਾਵਾਂ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਹੈ ਅਤੇ ਆਰ.ਐਸ. ਪੁਰਾ ਵਰਗੇ ਦੂਰ-ਦਰਾਜ਼ ਖੇਤਰਾਂ ਵਿੱਚ ਕਾਰਜਕ੍ਰਮ ਆਯੋਜਿਤ ਕਰਕੇ ਅਕੈਡਮੀ ਮਾਣ ਮਹਿਸੂਸ ਕਰਦੀ ਹੈ। ਡਾ. ਬਲਜੀਤ ਸਿੰਘ ਰੈਨਾ ਨੇ ਆਪਣੇ ਪ੍ਰਧਾਨਗੀ ਸੰਬੋਧਨ ਵਿੱਚ ਕਿਹਾ ਕਿ ਸਾਨੂੰ ਆਪਣੀ ਸਨਾਤਨ ਸਭਿਆਚਾਰ ’ਤੇ ਮਾਣ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੇ ਜੇ.ਕੇ.ਏ.ਏ.ਸੀ.ਐਲ. ਅਤੇ ਟੈਲੈਂਟਡ ਰਾਈਟਰਜ਼ ਫੋਰਮ, ਆਰ.ਐਸ. ਪੁਰਾ ਦੀ ਇਸ ਸਾਹਿਤਕ ਸਮਾਗਮ ਨੂੰ ਸਫਲ ਬਣਾਉਣ ਲਈ ਭਰਪੂਰ ਪ੍ਰਸ਼ੰਸਾ ਕੀਤੀ। ਮੁਸ਼ਾਇਰੇ ਵਿੱਚ ਭਾਗ ਲੈਣ ਵਾਲੇ ਕਵੀਆਂ ਵਿੱਚ ਸਰਵਾਸਿਸ ਕੌਰ, ਗੁਰਨਾਮ ਸਿੰਘ ਅਰਸ਼ੀ, ਡਾ. ਬਲਜੀਤ ਸਿੰਘ ਰੈਨਾ, ਜੰਗ ਸਿੰਘ ਵਰਮਨ, ਜੇ.ਪੀ. ਆਜ਼ਾਦ, ਸੂਰਜ ਪ੍ਰਕਾਸ਼ ਰੱਤਨ, ਅਭਿਸ਼ੇਕ ਸ਼ਰਮਾ, ਰੀਆ ਸ਼ਰਮਾ, ਬਲਕਾਰ ਸਿੰਘ, ਭੂਪਿੰਦਰ ਭਾਰਗਵ ਅਤੇ ਗੁਰਸਰਨ ਸਿੰਘ ਸ਼ਾਮਲ ਸਨ। ਕਾਰਜਕ੍ਰਮ ਦੌਰਾਨ ਅਕੈਡਮੀ ਦੀਆਂ ਪ੍ਰਕਾਸ਼ਨਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ, ਜੋ ਕਿ ਸ਼ੀਰਾਜ਼ਾ ਸੈਕਸ਼ਨ ਦੀ ਦੇਖਰੇਖ ਹੇਠ ਆਯੋਜਿਤ ਕੀਤੀ ਗਈ। ਇਸ ਪ੍ਰਦਰਸ਼ਨੀ ਦੀ ਦੇਖਭਾਲ ਸ਼੍ਰੀ ਤ੍ਰਿਲੋਕ ਸਿੰਘ ਅਤੇ ਸ਼੍ਰੀ ਵਿਪਨ ਸ਼ਰਮਾ ਵੱਲੋਂ ਕੀਤੀ ਗਈ। ਕਾਰਜਕ੍ਰਮ ਦੀ ਕਾਰਵਾਈ ਅਤੇ ਅੰਤ ਵਿੱਚ ਧੰਨਵਾਦ ਪ੍ਰਸਤਾਵ ਸ਼੍ਰੀ ਸਰਨ ਸਟਾਰ, ਪ੍ਰਧਾਨ, ਟੈਲੈਂਟਡ ਰਾਈਟਰਜ਼ ਫੋਰਮ, ਆਰ.ਐਸ. ਪੁਰਾ, ਜੰਮੂ ਵੱਲੋਂ ਪੇਸ਼ ਕੀਤਾ ਗਿਆ।

# ਟਰੱਕ ਯੂਨੀਅਨ ਦੀ ਭਲਾਈ ਲਈ ਹਰ ਤਰ੍ਹਾਂ ਦਾ ਸਹਿਯੋਗ ਕਰਾਂਗਾ : ਵਿਧਾਇਕ ਰੰਧਾਵਾ

## ਟਰੱਕ ਯੂਨੀਅਨ ਡੇਰਾਬੱਸੀ ਵਿਖੇ ਪਾਏ ਗਏ ਅਖੰਡ ਪਾਠ ਸਾਹਿਬ ਦੇ ਭੋਗ





**ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੁੰਦੇ ਹੋਏ ਵਿਧਾਇਕ ਕੁਲਜੀਤ ਸਿੰਘ ਰੰਧਾਵਾ। ਵਿਧਾਇਕ ਕੁਲਜੀਤ ਰੰਧਾਵਾ ਦਾ ਸਨਮਾਨ ਕਰਦੇ ਹੋਏ ਟਰੱਕ ਯੂਨੀਅਨ ਆਪਰੇਟਰ।**

**ਡੇਰਾਬੱਸੀ (ਸੰਜੀਵ ਸਿੰਘ ਸੈਣੀ)** ਦਾ ਬੱਸੀ ਮੁਬਾਰਕਪੁਰ ਟਰੱਕ ਉਪਰੇਟਰ ਯੂਨੀਅਨ ਡੇਰਾਬੱਸੀ ਵਿਖੇ ਸਮੂਹ ਅਪਰੇਟਰਾਂ ਵੱਲੋਂ ਹਰੇਕ ਸਾਲ ਦੀ ਤਰਾਂ ਪ੍ਰਮਾਤਮਾ ਦੇ ਸ਼ੁਕਰਾਨੇ ਅਤੇ ਸਰਬੱਤ ਦੇ ਭਲੇ ,ਸੁੱਖ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਇਸ ਸਬੰਧੀ ਸ੍ਰੀ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਰਾਗੀ ਸਿੰਘਾਂ ਪਵਿੱਤਰ ਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ ਗਿਆ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਅੱਜ ਦੇ ਸਮਾਗਮ ਵਿੱਚ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਵਿਸ਼ੇਸ਼ ਤੌਰ ਤੇ ਪਹੁੰਚ ਨਤਮਸਤਕ ਹੋ ਕੇ ਆਪਣੀ ਹਾਜ਼ਰੀ ਲਗਵਾਈ । ਸਮਾਗਮ ਉਪਰੰਤ ਉਨ੍ਹਾਂ ਆਪਣੇ ਭਾਸ਼ਣ ਵਿੱਚ ਕਿਹਾ ਕਿ ਉਹ ਖੁਦ ਲੰਬਾ ਸਮਾਂ ਇਸ ਯੂਨੀਅਨ ਦੇ ਪ੍ਰਧਾਨ ਰਹਿ ਚੁੱਕੇ ਹਨ ਇਸ ਲਈ ਉਹ ਆਪਰੇਟਰਾਂ ਤੇ ਡਰਾਈਵਰਾਂ ਦੀਆਂ ਮੁਸ਼ਕਿਲਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ । ਇਸ ਲਈ ਉਹ ਟਰੱਕ ਯੂਨੀਅਨ ਦੀ ਭਲਾਈ ਲਈ ਹਰ ਤਰ੍ਹਾਂ ਦਾ ਸਹਿਯੋਗ ਕਰਨਗੇ ਅਤੇ ਕਦੇ ਵੀ ਕਿਸੇ ਟਰੱਕ ਉਪਰੇਟਰ ਨੂੰ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਪ੍ਰਮਾਤਮਾ ਹਮੇਸ਼ਾ ਇਨ੍ਹਾਂ ਆਪਰੇਟਰਾਂ ਅਤੇ ਡਰਾਈਵਰ ਭਰਾਵਾਂ ਨੂੰ ਚੜ੍ਹਦੀ ਕਲਾ ਚ ਰੱਖਣ। ਇਸ ਸਮਾਗਮ ਵਿਚ ਵਿਧਾਇਕ ਰੰਧਾਵਾ ਨਾਲ ਸਾਰੇ ਟਰਾਂਸਪੋਰਟ ਭਾਈਚਾਰੇ ਦੇ ਨਾ ਨਾਲ ਸਮੁੱਚੀ ਆਮ ਆਦਮੀ ਪਾਰਟੀ ਦੀ ਟੀਮ ਸ਼ਾਮਲ ਹੋਈ ।

# ਗੋਲੂ ਮਾਜਰਾ ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ 11 ਨੂੰ




**ਨਵਾਂਸ਼ਹਿਰ /ਕਾਠਗੜ੍ਹ, ਫਰਵਰੀ (ਜਤਿੰਦਰਪਾਲ ਸਿੰਘ ਕਲੇਰ )** ਹਰ ਸਾਲ ਵਾਂਗ ਇਸ ਵਾਰ ਵੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਪੁਰਬ 11 ਫਰਵਰੀ ਦਿਨ ਬੁੱਧਵਾਰ ਨੂੰ ਸਮੂਹ ਨਗਰ ਨਿਵਾਸੀ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵ ਨਾਲ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦੇ ਹੋਏ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਸਬੰਧ ਵਿੱਚ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਆਰੰਭ ਹੋਣਗੇ ਅਤੇ ਭੋਗ ਪਾਏ ਜਾਣ ਉਪਰੰਤ ਭਾਈ ਗੁਰਨਾਮ ਸਿੰਘ ਜਲਾਲਾ ਬਲਾਚੌਰ ਵਾਲਿਆਂ ਦੇ ਰਾਗੀ ਜੱਥੇ ਵੱਲੋਂ ਗੁਰਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਹਰ ਜਸ ਸਰਵਣ ਕਰਵਾਇਆ ਜਾਵੇਗਾ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

# ਫ਼ਿਰਕੂ ਫਾਸ਼ੀਵਾਦ ਨੂੰ ਮਾਤ ਦੇਣ ਲਈ ਲੋਕ ਪੱਖੀ ਧਿਰਾਂ ਦੇ ਸਾਥ ਦੀ ਅਹਿਮ ਭੂਮਿਕਾ : ਆਰਿਫਾ ਖਾਨੁਮ ਸ਼ੇਰਵਾਨੀ

## ਮਨੁੱਖੀ ਹੱਕਾਂ ਦੀ ਨਾਮਵਰ ਕਾਰਕੁੰਨ ਡਾ. ਨਵਸ਼ਰਨ ਦਾ ਕ੍ਰਿਸ਼ਨ ਬਰਗਾੜੀ ਯਾਦਗਾਰੀ ਪੁਰਸਕਾਰ ਨਾਲ ਸਨਮਾਨ







**ਬਰਨਾਲਾ** । ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਤਰਕਸ਼ੀਲ ਲਹਿਰ ਦੇ ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ ਦੀ 24ਵੀਂ ਬਰਸੀ ਦੇ ਸਬੰਧ ਵਿੱਚ ਤਰਕਸ਼ੀਲ ਭਵਨ ਬਰਨਾਲਾ ਵਿਖੇ ' ਅਜੋਕਾ ਮੀਡੀਆ ਅਤੇ ਸਾਡੇ ਕਾਰਜ' ਵਿਸ਼ੇ ਸਬੰਧੀ ਇਕ ਸੈਮੀਨਾਰ ਅਤੇ ਸਨਮਾਨ ਸਮਾਗਮ ਆਯੋਜਿਤ ਕੀਤਾ ਗਿਆ ਜਿਸਦੀ ਪ੍ਰਧਾਨਗੀ ਡਾ.ਨਵਸ਼ਰਨ, ਆਰਿਫਾ ਖ਼ਾਨੁਮ ਸ਼ੇਰਵਾਨੀ, ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਪ੍ਰਧਾਨ ਬਲਦੇਵ ਰਹਿਪਾ,ਸੂਬਾਈ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋਂ, ਰਾਜਪਾਲ ਸਿੰਘ ਅਤੇ ਕ੍ਰਿਸ਼ਨ ਬਰਗਾੜੀ ਦੀ ਜੀਵਨ ਸਾਥਣ ਮੈਡਮ ਰਾਜਿੰਦਰ ਕੌਰ ਬਰਗਾੜੀ ਨੇ ਕੀਤੀ। ਇਸ ਮੌਕੇ ਸਮਾਗਮ ਦੇ ਮੁੱਖ ਬੁਲਾਰੇ ਅਤੇ ਮੀਡੀਆ ਅਦਾਰੇ 'ਦ ਵਾਇਰ' ਦੀ ਸੀਨੀਅਰ ਸੰਪਾਦਕ ਆਰਿਫਾ ਖਾਨੁਮ ਸ਼ੇਰਵਾਨੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਹੱਕ, ਸੱਚ ਅਤੇ ਇਨਸਾਫ਼ ਲਈ ਆਸ ਅਤੇ ਉਮੀਦ ਦੀ ਕਿਰਨ ਹੈ ਜਿਹੜਾ ਆਜ਼ਾਦੀ ਤੋਂ ਲੋਕ ਸੰਘਰਸ਼ਾਂ ਦੀ ਅਗਵਾਈ ਕਰਦਾ ਰਿਹਾ ਹੈ।ਦੇਸ਼ ਵਿੱਚ ਹਕੂਮਤੀ ਸਰਪ੍ਰਸਤੀ ਹੇਠ ਫ਼ਿਰਕੂ ਫਾਸ਼ੀਵਾਦ ਬੜੀ ਤੇਜ਼ੀ ਨਾਲ ਵਧ ਰਿਹਾ ਹੈ ਪਰ ਮੀਡੀਏ ਦਾ ਵੱਡਾ ਹਿੱਸਾ ਲੋਕ ਪੱਖੀ ਪੱਤਰਕਾਰੀ ਕਰਨ ਦੀ ਥਾਂ ਹੁਣ ਸਾਮਰਾਜੀ ਹਕੂਮਤਾਂ ਅਤੇ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਮੂਕ ਦਰਸ਼ਕ ਬਣ ਕੇ ਸੱਤਾਧਾਰੀ ਜਮਾਤਾਂ ਦੀ ਬੋਲੀ ਬੋਲ ਰਿਹਾ ਹੈ। ਉਨ੍ਹਾਂ ਨੇ ਪੰਜਾਬ ਅੰਦਰ ਵਿਗਿਆਨਕ ਚੇਤਨਾ ਦੀ ਲਹਿਰ ਵਿਕਸਤ ਕਰਨ ਲਈ ਤਰਕਸ਼ੀਲ ਸੁਸਾਇਟੀ ਦੀ ਭੂਮਿਕਾ ਨੂੰ ਸਲਾਮ ਕੀਤਾ। ਇਸ ਮੌਕੇ ਮਨੁੱਖੀ ਹੱਕਾਂ ਦੀ ਨਾਮਵਰ ਕਾਰਕੁੰਨ ਅਤੇ ਜਮਹੂਰੀ ਚਿੰਤਕ ਡਾ.ਨਵਸ਼ਰਨ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਖੇਤਰ ਵਿੱਚ ਪਾਏ ਅਮੁੱਲੇ ਯੋਗਦਾਨ ਲਈ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ।

ਆਪਣੇ ਸੰਬੋਧਨ ਵਿੱਚ ਡਾ.ਨਵਸ਼ਰਨ ਨੇ ਕਿਹਾ ਕਿ ਮੌਜੂਦਾ ਹਕੂਮਤਾਂ ਵੱਲੋਂ ਸਿੱਖਿਆ ਅਤੇ ਵਿੱਦਿਅਕ ਸੰਸਥਾਵਾਂ ਦਾ ਭਗਵਾਂਕਰਨ ਕਰਕੇ ਵਿਗਿਆਨਕ ਵਿਚਾਰਧਾਰਾ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉਤੇ ਵੱਡੇ ਹਮਲੇ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਫ਼ਿਰਕੂ ਸੰਗਠਨਾਂ ਵੱਲੋਂ ਤਰਕਸ਼ੀਲ ਵਿਦਵਾਨਾਂ ਨਰਿੰਦਰ ਦਾਭੋਲਕਰ, ਐੱਮ ਐੱਮ ਕਲਬੁਰਗੀ,ਗੋਵਿੰਦ ਪੰਸਰੇ,ਅਤੇ ਗੌਰੀ ਲੰਕੇਸ਼ ਦੇ ਕਤਲਾਂ ਦੀ ਸਖ਼ਤ ਨਿਖੇਧੀ ਕੀਤੀ।ਉਨ੍ਹਾਂ ਨੇ ਕਿਹਾ ਕਿ ਮੌਜੂਦਾ ਹਕੂਮਤਾਂ ਵੱਲੋਂ ਆਮ ਲੋਕਾਂ ਦੇ ਬੁਨਿਆਦੀ ਮਸਲਿਆਂ ਤੋਂ ਲੋਕਾਂ ਦਾ ਧਿਆਨ ਪਾਸੇ ਕਰਨ ਲਈ ਧਰਮਾਂ, ਜਾਤਾਂ ਅਤੇ ਡੇਰਿਆਂ ਅਤੇ ਬਾਬਿਆਂ ਦੀ ਫ਼ਿਰਕੂ ਰਾਜਨੀਤੀ ਕੀਤੀ ਜਾ ਰਹੀ ਹੈ ਜਿਸਨੂੰ ਲੋਕ ਕਦੇ ਸਫਲ ਨਹੀਂ ਹੋਣ ਦੇਣਗੇ।

ਇਸ ਤੋਂ ਪਹਿਲਾਂ ਪਲਸ ਮੰਚ ਦੇ ਆਗੂ ਰਾਮ ਕੁਮਾਰ ਭਦੌੜ ਨੇ ਉਤਰੀ ਭਾਰਤ ਦੇ ਪਹਿਲੇ ਸਰੀਰਦਾਨੀ ਮਰਹੂਮ ਆਗੂ ਕ੍ਰਿਸ਼ਨ ਬਰਗਾੜੀ ਦੀ ਤਰਕਸ਼ੀਲ ਲਹਿਰ ਸਮੇਤ ਵੱਖ ਵੱਖ ਸਮਾਜਿਕ ਖੇਤਰਾਂ ਵਿੱਚ ਨਿਭਾਈ ਗਈ ਅਹਿਮ ਭੂਮਿਕਾ ਅਤੇ ਜੀਵਨ ਬਾਰੇ ਚਾਨਣ ਪਾਇਆ। ਮਾਸਟਰ ਰਾਜਿੰਦਰ ਭਦੌੜ ਨੇ ਤਰਕਸ਼ੀਲ ਕਾਫਲੇ 'ਚੋਂ ਵਿਛੜ ਚੁੱਕੇ ਬਾਕੀ ਸਾਥੀਆਂ ਦੇ ਯੋਗਦਾਨ ਨੂੰ ਯਾਦ ਕਰਦਿਆਂ ਸਮਾਗਮ ਵਿੱਚ ਸ਼ਾਮਿਲ ਸਾਰਿਆਂ ਮਹਿਮਾਨਾਂ ਦਾ ਧੰਨਵਾਦ ਕੀਤਾ ਜਦਕਿ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸੂਬਾਈ ਆਗੂ ਰਾਮ ਸਵਰਨ ਲੱਖੇਵਾਲੀ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਸਰਬਸੰਮਤੀ ਨਾਲ ਪਾਸ ਕੀਤੇ ਮਤਿਆਂ ਵਿੱਚ ਪੱਤਰਕਾਰਾਂ ਅਤੇ ਆਰਟੀਆਈ ਕਾਰਕੁਨਾਂ ਉਤੇ ਦਰਜ ਨਜਾਇਜ਼ ਕੇਸ ਰੱਦ ਕਰਨ, ਬਿਜਲੀ ਸੋਧ ਬਿੱਲ,ਬੀਜ ਬਿੱਲ ਅਤੇ ਚਾਰ ਕਿਰਤ ਕੋਡ ਰੱਦ ਕਰਨ, ਬੀ ਕੇ ਯੂ (ਏਕਤਾ ਉਗਰਾਹਾਂ) ਦੇ ਗ੍ਰਿਫਤਾਰ ਆਗੂਆਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ , ਭਾਰਤ - ਅਮਰੀਕਾ ਮੁਕਤ ਵਪਾਰ ਸਮਝੌਤਾ ਰੱਦ ਕਰਨ, ਆਦਿਵਾਸੀਆਂ ਅਤੇ ਇਨਕਲਾਬੀ ਕਾਰਕੁਨਾਂ ਨੂੰ ਪੁਲੀਸ ਮੁਕਾਬਲਿਆਂ ਚ ਮਾਰਨਾ ਬੰਦ ਕਰਨ,ਛੇ ਸਾਲਾਂ ਤੋਂ ਜੇਲ੍ਹਾਂ ਵਿੱਚ ਡੱਕੇ ਉਮਰ ਖ਼ਾਲਿਦ, ਸ਼ਰਜੀਲ ਇਮਾਮ ਸਮੇਤ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਸਮਾਜਿਕ ਕਾਰਕੁਨਾਂ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਤਮਾਮ ਕੈਦੀਆਂ ਨੂੰ ਰਿਹਾਅ ਕਰਨ, ਬਾਬਾ ਬੁੱਲ੍ਹੇ ਸ਼ਾਹ ਦੀ ਮਜ਼ਾਰ ਤੋੜਨ ਵਾਲੇ ਫ਼ਿਰਕੂ ਅਨਸਰਾਂ ਨੂੰ ਗ੍ਰਿਫਤਾਰ ਕਰਨ ਅਤੇ ਯੂਏਪੀਏ, ਐਨਐਸਏ ਅਤੇ ਐਫਸਪਾ ਅਤੇ ਐਨਆਈਏ ਦੇ ਕਾਲੇ ਕਾਨੂੰਨ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾਈ ਤਰਕਸ਼ੀਲ ਆਗੂ ਰਾਜੇਸ਼ ਅਕਲੀਆ,ਸੁਮੀਤ ਅੰਮ੍ਰਿਤਸਰ, ਸੁਰਜੀਤ ਟਿੱਬਾ,ਜਸਵੰਤ ਮੋਹਾਲੀ,ਗੁਰਪ੍ਰੀਤ ਸ਼ਹਿਣਾ, ਜੁਝਾਰ ਲੌਂਗੋਵਾਲ,ਕੁਲਜੀਤ ਡੰਗਰਖੇੜਾ ਜੋਨ ਆਗੂ ਸੁਖਦੇਵ ਫਗਵਾੜਾ,ਅਜੀਤ ਪ੍ਰਦੇਸੀ, ਸੰਦੀਪ ਧਾਰੀਵਾਲ ਭੋਜਾ, ਬਲਰਾਜ ਮੌੜ, ਸਤਪਾਲ ਸਲੋਹ ਨਵਾਂ ਸ਼ਹਿਰ, ਕੁਲਵੰਤ ਕੌਰ ਪਟਿਆਲਾ, ਪ੍ਰਵੀਨ ਜੰਡਵਾਲਾ, ਬੀਰਬਲ ਭਦੌੜ,ਸੰਪਾਦਕ ਸੁਰਖ ਲੀਹ ਪਾਵੇਲ ਕੁੱਸਾ,ਪ੍ਰੋ.ਏ. ਕੇ. ਮਲੇਰੀ ਅਤੇ ਵੱਖ ਵੱਖ ਜ਼ੋਨਾਂ ਅਤੇ ਇਕਾਈਆਂ ਦੇ ਸੈਂਕੜੇ ਕਾਰਕੁੰਨ ਸ਼ਾਮਿਲ ਹੋਏ।ਆਦਿ ਸ਼ਾਮਿਲ ਸਨ।

**ਜਾਰੀ ਕਰਤਾ**
**ਸੁਮੀਤ ਅੰਮ੍ਰਿਤਸਰ**
**(ਸੂਬਾਈ ਮੀਡੀਆ ਮੁਖੀ**
**7696030173**
**ਮਾਸਟਰ ਪਰਮਵੇਦ**
**ਜੋਨ ਜਥੇਬੰਦਕ ਮੁਖੀ**

# ਸ਼ਾਨੋ ਸ਼ੌਕਤ ਨਾਲ ਸੰਪੰਨ ਹੋਇਆ ਤਿੰਨ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲਾ

## ਪੰਜਾਬ ਸਰਕਾਰ ਮਹਿਲਾਵਾਂ ਨੂੰ ਬਰਾਬਰੀ ਦੇ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ




**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਤੇ ਉਦਯੋਗ ਅਤੇ ਵਣਜ ਵਿਭਾਗ ਵੱਲੋਂ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਤਹਿਤ ਸਥਾਨਿਕ ਆਈ.ਟੀ.ਆਈ ਦੀ ਗਰਾਊਂਡ ਵਿਖੇ ਚੱਲ ਰਿਹਾ ਤਿੰਨ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲਾ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਇਆ। ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਲਗਾਏ ਗਏ ਮੇਲੇ ਦੇ ਆਖਰੀ ਦਿਨ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਵਨੀਤ ਕੌਰ, ਚੇਅਰਮੈਨ ਨਗਰ ਸੁਧਾਰ ਟਰੱਸਟ ਸਤਨਾਮ ਸਿੰਘ ਜਲਵਾਹਾ, ਵਾਈਸ ਚੇਅਰਮੈਨ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਲਲਿਤ ਮੋਹਨ ਪਾਠਕ, ਚੇਅਰਮੈਨ ਮਾਰਕੀਟ ਕਮੇਟੀ ਗਗਨ ਅਗਨੀਹੋਤਰੀ ਨੇ ਸ਼ਿਰਕਤ ਕੀਤੀ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਨੇ ਦੱਸਿਆ ਕਿ ਇਹ ਤਿੰਨ ਰੋਜ਼ਾ ਮੇਲਾ 5 ਫਰਵਰੀ ਨੂੰ ਸ਼ੁਰੂ ਹੋਇਆ ਸੀ ਜਿਸ ਦਾ ਲੋਕਾਂ ਵੱਲੋਂ ਵਧੀਆ ਹੁੰਗਾਰਾ ਭਰਿਆ ਗਿਆ ਹੈ। ਲੋਕਾਂ ਨੇ ਮੇਲੇ ਵਿੱਚ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਮਹਿਲਾਵਾਂ ਨੂੰ ਆਤਮਨਿਰਭਰ ਬਣਨ ਦਾ ਮੌਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੇਲੇ ਵਿੱਚ 58 ਦੇ ਕਰੀਬ ਵੱਖ-ਵੱਖ ਸਵੈ ਸਹਾਇਤਾ ਸਮੂਹ ਵੱਲੋਂ ਸਟਾਲ ਲਗਾਏ ਗਏ ਸਨ। ਜਿਸ ਵਿੱਚ ਘਰੇਲੂ ਸਮੱਗਰੀ ਸਮਾਨ, ਹੱਥੀ ਬਣਾਏ ਘਰੇਲੂ ਸਾਜੋ ਸਮਾਨ ਅਤੇ ਆਰਗੈਨਿਕ ਉਤਪਾਦ, ਆਚਾਰ, ਮੁਰੱਬੇ ਅਤੇ ਜੈਮ ਸਟਾਲ, ਮਹਿੰਦੀ, ਪਰਫਿਊਮ, ਕੈਂਡਲ ਸਟਾਲ, ਸਭਿਆਚਾਰਕ ਪ੍ਰੋਗਰਾਮ, ਨੇਲ ਆਰਟ, ਬੱਚਿਆਂ ਲਈ ਝੂਲੇ, ਨੌਜਵਾਨਾਂ ਲਈ ਟੈਟੂ ਆਰਟ, ਲਾਈਵ ਸਕੈਚਿੰਗ ਅਤੇ ਲਾਈਵ ਫੂਡ ਸਟਾਲਾਂ ਲਗਾਏ ਗਏ ਸਨ। ਉਨ੍ਹਾਂ ਕਿਹਾ ਕਿ ਸਵੈ ਸਹਾਇਤਾ ਸਮੂਹ ਨੂੰ ਇਸ ਮੇਲੇ ਦਾ ਕਾਫ਼ੀ ਫਾਇਦਾ ਹੋਵੇਗਾ ਅਤੇ ਉਨ੍ਹਾਂ ਨੂੰ ਆਪਣਾ ਕਾਰੋਬਾਰ ਵਧਾਉਣ ਵਿੱਚ ਮਦਦ ਮਿਲੇਗੀ।ਚੇਅਰਮੈਨ ਨਗਰ ਸੁਧਾਰ ਟਰੱਸਟ ਸਤਨਾਮ ਸਿੰਘ ਜਲਵਾਹਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਹਿਲਾ ਸ਼ਕਤੀਕਰਨ ਨੂੰ ਬੜਾਵਾ ਦੇਣ ਲਈ ਸੂਬੇ ਅੰਦਰ ਪੰਜਾਬ ਸਖੀ ਸ਼ਕਤੀ ਮੇਲੇ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਔਰਤਾਂ ਨੂੰ ਬਰਾਬਰੀ ਦਾ ਹੱਕ ਦੇਣ ਲਈ ਪੂਰੇ ਪੰਜਾਬ ਅੰਦਰ ਸਖੀ ਸ਼ਕਤੀ ਨੂੰ ਕਾਮਯਾਬ ਕਰਨ ਲਈ ਪਿੰਡ ਵਿੱਚ ਸਵੈ ਸਹਾਇਤ ਗਰੁੱਪ ਚਲਾਏ ਜਾ ਰਹੇ ਹਨ ਅਤੇ ਇਨ੍ਹਾਂ ਗਰੁੱਪਾਂ ਵੱਲੋਂ ਆਪਣੀ ਹੱਥੀ ਤਿਆਰ ਕੀਤੇ ਗਏ ਉਤਪਾਦਨਾਂ ਦੀ ਵਿਕਰੀ ਲਈ ਮੰਚ ਪ੍ਰਦਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਮੇਲੇ ਵਿੱਚ ਜਿੰਨੇ ਵੀ ਸਟਾਲ ਲੱਗੇ ਹਨ, ਉਹ ਸਾਰੇ ਸਟਾਲ ਸਾਡੀਆਂ ਭੈਣਾ ਵੱਲੋਂ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਇਸ ਮੇਲੇ ਦਾ ਮੁੱਖ ਮਕਸਦ ਔਰਤਾਂ ਨੂੰ ਕਾਮਯਾਬ ਬਣਾਉਣ ਤਾਂ ਜੋ ਉਹ ਆਪਣੀ ਆਮਦਨ ਵਿੱਚ ਵਾਧਾ ਕਰਕੇ ਆਪਣੇ ਪਰਿਵਾਰ ਨੂੰ ਵਧੀਆਂ ਢੰਗ ਨਾਲ ਅੱਗੇ ਲੈ ਕੇ ਜਾ ਸਕਣ।

## ਆਪਣੇ ਆਪ ਤੋਂ ਸ਼ੁਰੂ ਕਰੋ

ਮੰਨਿਆਂ ਦੁਨੀਆਂ ਬੜੀ ਲੜਾਕੀ ਹੈ ,
ਜਿਸ ਤਰ੍ਹਾਂ ਕੀੜਿਆਂ ਦਾ ਭੌਣ ।
ਐਪਰ ਖ਼ੁਦ ਤਾਂ ਚੰਗੇ ਬਣ ਸਕਦੇ ਹਾਂ,
ਸਾਨੂੰ ਦੱਸੋ ਰੋਕਦੈ ਕੌਣ ।
ਅਪਣੇ ਅੰਦਰ ਵੀ ਝਾਤੀ ਮਾਰੀਏ ,
ਕਹਿਣੀ ਕਰਨੀ ਇੱਕ ਨਹੀਂ ;
ਬਾਹਰੋਂ ਠੰਢੇ ਤੇ ਅੰਦਰੋਂ ਕੋਸੇ ,
ਜਿਵੇਂ ਹੁੰਦੀ ਪੁਰੇ ਦੀ ਪੌਣ ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ
ਜ਼ਿਲ੍ਹਾ ਸੰਗਰੂਰ ।
9914836037

## ਜਿਸਮਫਰੋਸ਼ੀ



ਜਿਸਮਫਰੋਸ਼ੀ ਦਾ ਜੋ ਕਰਦੀਆਂ
ਕੁੜੀਆਂ ਅੱਜ ਕੱਲ੍ਹ ਧੰਦਾ
ਉਨ੍ਹਾਂ ਹੀ ਕਸੂਰਵਾਰ ਹੈ,ਏਸ ਕੰਮ
ਲਈ ਬੰਦਾ
ਔਰਤਾਂ ਦੀ ਬਦਨਾਮੀ ਕਰਕੇ ਖ਼ੁਦ ਨੂੰ
ਸ਼ਮਝਣ ਹੀਰੋ
ਕੀ ਖੱਟਦੇ ਉਹ ਕਰਕੇ ਕਿਸੇ ਦੀ ਇੱਜ਼ਤ
ਲੀਰੋ ਲੀਰੋ
ਦੋਵਾਂ ਜਣਿਆਂ ਨੇ ਅਪਣਾਇਆ
ਹੋਇਆ ਮਾੜਾ ਧੰਦਾ
ਉਨ੍ਹਾਂ ਹੀ ਕਸੂਰਵਾਰ ਹੈ ਏਸ ਕੰਮ ਲਈ ਬੰਦਾ
ਕੀ ਮਜਾਲ ਹੈ ਔਰਤ ਇੱਜ਼ਤ ਵਿੱਚ
ਬਜ਼ਾਰ ਦੇ ਵੇਚੇ
ਤੇ ਜੇ ਨਾਂ ਬੰਦਾ ਔਰਤ ਦੇ ਨਾਲ ਕਦੇ
ਲੜਾਵੇ ਪੇਚੇ
ਕਾਮਵਾਸਨਾ ਦੇ ਵਿੱਚ ਅੰਨਾ,ਟੱਪੇ
ਬਿਗਾਨੀਆਂ ਕੰਧਾਂ
ਉਨ੍ਹਾਂ ਹੀ ਕਸੂਰਵਾਰ ਹੈ ਏਸ ਕੰਮ ਲਈ ਬੰਦਾ
ਗੁਰਮੀਤ ਡੁਮਾਣੇ ਵਾਲਿਆ ਸਭ ਨੂੰ
ਸਮਝੋਂ ਧੀਆਂ ਭੈਣਾਂ
ਵਿੱਚ ਸਮਾਜ ਦੇ ਫੇਰ ਤਹਾਨੂੰ, ਜ਼ਲੀਲ
ਨਹੀਂ ਹੋਣਾਂ ਪੈਣਾ
ਸਤਿਕਾਰ ਕਰੋ ਤੁਸੀਂ ਇੱਕ ਦੂਜੇ ਦਾ
ਛੱਡੋ ਬੋਲਣਾ ਮੰਦਾ
ਉਨ੍ਹਾਂ ਹੀ ਕਸੂਰਵਾਰ ਹੈ ਏਸ ਕੰਮ ਲਈ ਬੰਦਾ,,,,

ਗੀਤਕਾਰ
ਗੁਰਮੀਤ ਡੁਮਾਣਾ
ਲੋਹੀਆਂ ਖਾਸ
ਜਲੰਧਰ

## ਵਤੀਰਾ

ਤੇਰਾ ਆਪਣਾ ਵਤੀਰਾ ਸੀ
ਮੇਰਾ ਆਪਣਾ ਵਤੀਰਾ ਸੀ
ਮੇਰਾ ਤਾਂ ਪਹਿਲਾ ਪਿਆਰ ਸੀ
ਸ਼ਾਇਦ ਤੇਰਾ ਪਹਿਲਾ ਇਕਰਾਰ ਸੀ
ਉਹ ਵੀ ਜ਼ਿੰਦਗੀ ਦਾ ਕਿਨ੍ਹਾਂ ਹਸੀਨ ਪਲ ਸੀ
ਜਦ ਤੂੰ ਆਪਣੀ ਅੱਖ ਦੀ ਪੁਤਲੀ ਵਿਚ
ਮੈਨੂੰ ਉਤਰ ਜਾਣ ਦੀ ਇਜਾਜ਼ਤ ਬਖ਼ਸ਼ੀ ਸੀ।
ਮੈਂ ਵੀ ਹੱਸਦਿਆਂ ਤੇਰੀ ਤਲੀ 'ਤੇ
ਆਪਣਾ ਦਿਲ ਕੱਢ ਕੇ ਰੱਖ ਦਿੱਤਾ ਸੀ।
ਉਹ, ਉਦੋਂ ਤੜਫਿਆ ਨਹੀਂ ਸੀ
ਮੇਰੇ ਕੋਲੋਂ ਹੱਸਦਿਆਂ -ਹੱਸਦਿਆਂ ਭੱਜ ਕੇ
ਤੇਰੇ ਮਨ ਦੀ ਬੁੱਕਲ 'ਚ ਸਮਾ ਗਿਆ ਸੀ।
ਉਸ ਦਿਨ ਤੂੰ ਮੈਨੂੰ ਤਿਤਲੀ ਲੱਗੀ ਸੀ।
ਤੇਰੇ ਰੰਗਾਂ ਨੂੰ ਆਪਣੇ ਮਨ ਦੇ ਰੰਗਾਂ 'ਚ
ਘੋਲਣਾ ਲੋਚਿਆ ਸੀ-ਜਿਵੇਂ ਕੋਈ ਬੱਚਾ।
ਇੱਕ ਦਿਨ ਪਤਾ ਨਹੀਂ
ਉਹ ਤਿਤਲੀ
ਫੁੱਲਾਂ ਦੀ ਖ਼ੁਸ਼ਬੋ 'ਚ
ਕਿਵੇਂ ਆਕਰਸ਼ਿਕ ਹੋ ਗਈ?
ਫੁੱਲਾਂ ਤੇ ਬੈਠਦੀ -ਬੈਠਦੀ
ਕੰਢਿਆਂ 'ਚ ਵਿੰਨ੍ਹੀਂ ਗਈ।
ਉਹਦੀ ਤਲੀ 'ਚ ਸਾਂਭਿਆ ਦਿਲ
ਤੜਫਿਆ
ਦੋਵੇਂ ਹੀ ਘਾਇਲ ਹੋ ਗਏ।
ਦੋਵੇਂ ਹੀ ਬਾਜ਼ੀ ਹਾਰ ਗਏ।
ਸੁਣਿਆ ਉਸ ਪੁਸ਼ਪ ਬੂਟੇ ਨੂੰ
ਕਿਸੇ ਦੀ ਅਜਿਹੀ ਹਾਹ ਲੱਗੀ
ਕਿ ਉਹਦੀਆਂ ਜੜ੍ਹਾਂ ਨੂੰ
ਬਿਰਹਾ ਦੀ ਸਿਉਂਕ ਆ ਲੱਗੀ।
ਤੇ ਉਹ ਬਣ ਕੇ ਰਹਿ ਗਿਆ--
ਕਾਲਾ-ਕੰਡਿਆਲਾ-ਛਾਪਾ।
ਸ਼ਾਇਦ ਦੱਸਣ ਲਈ
ਆਪਣੇ ਵਤੀਰੇ ਬਾਰੇ !
ਤੇਰੇ ਵਤੀਰਾ ਬਾਰੇ!!




ਸੁਰਜੀਤ ਸਿੰਘ ਭੁੱਲਰ

## ਮੁੱਕਦੀ ਗੱਲ

ਨੀਝ ਨਾਲ ਅੱਜ ਵੇਖਣਾ ਤੈਨੂੰ,
ਆਜਾ ਸੱਜਣਾ ਸਾਹਮਣੇ ਬਹਿ।
ਛੱਡ ਪਰ੍ਹਾਂ ਹੁਣ ਦੁਨੀਆਦਾਰੀ,
ਮੇਰੀ ਸੁਣ ਅਤੇ ਆਪਣੀ ਕਹਿ।

ਸੁੰਨੇ ਚਾਅ, ਉਤਸਾਹ,ਉਮੰਗਾਂ,
ਫਿੱਕੇ ਲੱਗਣ ਸਭ ਗੂੜ੍ਹੇ ਰੰਗ।
ਚੰਦਰੇ ਦਰਦ ਵਿਛੋੜਿਆ ਵਾਲੇ,
ਹੋਰ ਹੁੰਦੇ ਨਾ ਹੁਣ ਸਾਥੋਂ ਸਹਿ।

ਵਿੱਚ ਦਿਲਾ ਦੇ ਉਲਝਣ ਰਹਿੰਦੀ,
ਉਲਝਣ ਇੱਕ ਅਜੀਬ ਜਿਹੀ।
ਸੱਚ ਲਿਖਿਆ ਤਾਂ ਤਾਹਨੇ ਮਿਲਣਸ
ਪਰ ਚੁੱਪ ਨਾ ਸਾਥੋਂ ਹੁੰਦਾ ਰਹਿ



ਮਨਪ੍ਰੀਤ ਕੌਰ ਸੰਧੂ

## ਵਿਆਹ ਦੀਆਂ ਮੁਬਾਰਕਾਂ



ਪਿਊਸ਼ ਸ਼ਰਮਾ ਸਪੁੱਤਰ ਤਰਲੋਚਨ ਸ਼ਰਮਾ ਵਾਸੀ ਸ੍ਰੀ ਆਨੰਦਪੁਰ ਸਾਹਿਬ (ਰੂਪਨਗਰ) ਦਾ ਵਿਆਹ ਰੀਚਾ ਸਪੁੱਤਰੀ ਦੀਪ ਗਿਰੀ ਵਾਸੀ ਖਰੜ (ਮੁਹਾਲੀ) ਨਾਲ ਹੋਇਆ।

## ਵਰ੍ਹੇਗੰਢ ਮੁਬਾਰਕ



ਜਸਵਿੰਦਰ ਸਿੰਘ ਜੱਸੀ ਤੇ ਮਨਪ੍ਰੀਤ ਕੌਰ ਵਾਸੀ ਪਿੰਡ ਰਸੂਲਪੁਰ (ਰੂਪਨਗਰ) ਨੇ ਵਿਆਹ ਦੀ ਵਰ੍ਹੇਗੰਢ ਮਨਾਈ।

# ਅਖੰਡ ਮਹਾਯੱਗ ਸਮੂਹਿਕ ਭਲਾਈ ਦਾ ਸ਼ਕਤੀਸ਼ਾਲੀ ਮਾਧਿਅਮ : ਦਲਜੀਤ ਭੋਲਾ ਗਰੇਵਾਲ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮਹੰਤ ਪ੍ਰਵੀਨ ਚੌਧਰੀ ਦੀ ਅਗਵਾਈ ਹੇਠ ਭਾਈਚਾਰਕ ਏਕਤਾ ਦੇ ਪ੍ਰਤੀਕ ਮਾਂ ਬਗਲਾਮੁਖੀ ਧਾਮ ਵਿਖੇ 11 ਤੋਂ 21 ਫਰਵਰੀ ਤੱਕ 243 ਘੰਟੇ ਦਾ ਅਖੰਡ ਮਹਾਯੱਗ ਕਰਵਾਇਆ ਜਾ ਰਿਹਾ ਹੈ। ਧਾਮ ਦੇ ਸ਼ਰਧਾਲੂਆਂ ਨੇ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਨੂਰਮਹਿਲ ਦੇ ਪ੍ਰਧਾਨ ਗੁਰੂ ਕ੍ਰਿਪਾਨੰਦ ਜੀ, ਵਿਧਾਇਕ ਦਲਜੀਤ ਭੋਲਾ ਗਰੇਵਾਲ, ਨਗਰ ਨਿਗਮ ਕਮਿਸ਼ਨਰ ਨੀਰੂ ਕਤਿਆਲ ਗੁਪਤਾ, ਵਧੀਕ ਡਿਪਟੀ ਕਮਿਸ਼ਨਰ ਜਨਰਲ ਲੁਧਿਆਣਾ ਰਾਕੇਸ਼ ਕੁਮਾਰ, ਰਛਪਾਲ ਸਿੰਘ ਸਮੇਤ ਪਤਵੰਤਿਆਂ ਨੂੰ ਅਖੰਡ ਮਹਾਯੱਗ ਦੇ ਸੱਦਾ ਪੱਤਰ ਭੇਟ ਕੀਤੇ। ਵਿਧਾਇਕ ਦਲਜੀਤ ਭੋਲਾ ਗਰੇਵਾਲ ਨੇ ਇਸ ਸੱਦੇ ਨੂੰ ਭਾਵੁਕਤਾ ਨਾਲ ਪ੍ਰਵਾਨ ਕਰਦਿਆਂ ਕਿਹਾ ਕਿ ਅਖੰਡ ਮਹਾਯੱਗ ਸਮੂਹਿਕ ਤੰਦਰੁਸਤੀ ਦਾ ਸ਼ਕਤੀਸ਼ਾਲੀ ਮਾਧਿਅਮ ਹੈ। ਯੱਗ ਵਿੱਚ ਜਦੋਂ ਹਜ਼ਾਰਾਂ ਸ਼ਰਧਾਲੂ ਸਮੂਹਿਕ ਤੌਰ 'ਤੇ ਸੰਸਾਰ ਦੇ ਕਲਿਆਣ, ਆਪਸੀ ਪਿਆਰ ਅਤੇ ਖੁਸ਼ੀ ਅਤੇ ਸ਼ਾਂਤੀ ਲਈ ਪ੍ਰਾਰਥਨਾ ਕਰਦੇ ਹਨ, ਤਾਂ ਉਹ ਸ਼ੁਭ ਕਾਮਨਾਵਾਂ ਨੂੰ ਸਵੀਕਾਰ ਕਰਦੀ ਹੈ ਅਤੇ ਮਾਂ ਬਗਲਾਮੁਖੀ ਦੇ ਆਸ਼ੀਰਵਾਦ ਦੇ ਰੂਪ ਵਿੱਚ ਹਰ ਜਗ੍ਹਾ ਖੁਸ਼ਹਾਲੀ ਅਤੇ ਖੁਸ਼ਹਾਲੀ ਪ੍ਰਦਾਨ ਕਰਦੀ ਹੈ। ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਨੂਰਮਹਿਲ ਦੇ ਗੁਰੂ ਕ੍ਰਿਪਾਨੰਦ ਜੀ ਨੇ ਕਿਹਾ ਕਿ ਮਾਂ ਬਗਲਾਮੁਖੀ ਧਾਮ ਰਾਹੀਂ ਸ਼ਰਧਾਲੂਆਂ ਵਿੱਚ ਅਧਿਆਤਮਿਕ ਚੇਤਨਾ ਅਤੇ ਸੇਵਾ ਦੀ ਭਾਵਨਾ ਜਾਗ੍ਰਿਤ ਹੋ ਰਹੀ ਹੈ। ਨਗਰ ਨਿਗਮ ਕਮਿਸ਼ਨਰ ਨੀਰੂ ਕਤਿਆਲ ਗੁਪਤਾ ਨੇ ਧਾਮ ਦੇ ਸੇਵਕਾਂ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਅਖੰਡ ਮਹਾਯੱਗ ਦੀਆਂ ਤਿਆਰੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਮਹੰਤ ਪ੍ਰਵੀਨ ਚੌਧਰੀ ਜੀ ਨੇ ਕਿਹਾ ਕਿ ਸਕੂਲੀ ਬੱਚੇ ਮਹਾਯੱਗ ਵਿੱਚ ਹਰ ਰੋਜ਼ ਭੇਟ ਚੜ੍ਹਾ ਕੇ ਮਾਂ ਬਗਲਾਮੁਖੀ ਦਾ ਆਸ਼ੀਰਵਾਦ ਪ੍ਰਾਪਤ ਕਰਨਗੇ। ਬੱਚਿਆਂ ਵੱਲੋਂ ਮਾਂ ਬਗਲਾਮੁਖੀ ਚਾਲੀਸਾ ਦਾ ਪਾਠ ਕੀਤਾ ਜਾਵੇਗਾ। ਇਸ ਮੌਕੇ ਵਲੰਟੀਅਰ ਨਵਨਜੋਤ ਛਤਵਾਲ, ਕਰਨ ਸ਼ਾਂਡਿਲਿਆ, ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਮੋਹਿਤ ਸੂਦ, ਰਾਣਾ ਰਣਜੀਤ ਸਿੰਘ, ਦਿਨੇਸ਼ ਰੱਲੀ, ਵਰੁਣ ਜੈਨ, ਪ੍ਰਸ਼ੋਤਮ ਚੌਧਰੀ, ਬੂਵੀ ਮੱਕੜ, ਗੁਨੀਤ ਖੇੜਾ, ਗੌਤਮ ਸਚਦੇਵਾ, ਨਰੇਂਦਰ ਚੌਧਰੀ, ਕਾਕਾ ਮਹਾਜਨ, ਸ੍ਰ: ਅਰਜੁਨ ਹੋਰਾ, ਚੇਤਨ ਟੰਡਨ, ਇਕਬਾਲ ਸਿੰਘ, ਵਰੁਣ ਦੱਤ, ਅਜੇ ਜੈਨ, ਰਾਹੁਲ ਆਦਿ ਵੀ ਹਾਜ਼ਰ ਸਨ।

# ਬਾਬਾ ਫਰੀਦ ਕਾਲਜ ਆਫ ਫਾਰਮੇਸੀ ਵਿਖੇ ਸਾਲਾਨਾ ਖੇਡ ਦਿਵਸ ਮਨਾਇਆ ਗਿਆ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਬਾਬਾ ਫ਼ਰੀਦ ਕਾਲਜ ਆਫ਼ ਫਾਰਮੇਸੀ, ਮੁੱਲਾਂਪੁਰ ਨੇ ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ ਨਾਲ ਆਪਣੀ ਸਾਲਾਨਾ ਖੇਡ ਮੀਟਿੰਗ ਦਾ ਆਯੋਜਨ ਕੀਤਾ। ਇਸ ਸਮਾਗਮ ਦਾ ਉਦੇਸ਼ ਨੌਜਵਾਨਾਂ ਵਿੱਚ ਸਰੀਰਕ ਤੰਦਰੁਸਤੀ, ਟੀਮ ਵਰਕ ਅਤੇ ਖੇਡ ਭਾਵਨਾ ਨੂੰ ਉਤਸ਼ਾਹਿਤ ਕਰਨਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਰਾਸ਼ਟਰੀ ਗੀਤ ਨਾਲ ਹੋਈ। ਮੁਕਾਬਲੇ ਵਿੱਚ ਕਬੱਡੀ, ਬੈਡਮਿੰਟਨ, ਸ਼ਤਰੰਜ, ਜੰਪਿੰਗ, ਰੱਸਾਕਸ਼ੀ ਵਰਗੀਆਂ ਵੱਖ-ਵੱਖ ਖੇਡਾਂ ਅਤੇ ਬੋਰੀ ਦੌੜ ਅਤੇ ਤਿੰਨ-ਪੈਰਾਂ ਵਾਲੀਆਂ ਦੌੜਾਂ ਵਰਗੀਆਂ ਦੌੜਾਂ ਸ਼ਾਮਲ ਸਨ। ਕਬੱਡੀ ਮੈਚਾਂ ਨੇ ਦਰਸ਼ਕਾਂ ਦਾ ਰੋਮਾਂਚਕ ਪ੍ਰਦਰਸ਼ਨਾਂ ਨਾਲ ਮਨੋਰੰਜਨ ਕੀਤਾ, ਜਦੋਂ ਕਿ ਬੈਡਮਿੰਟਨ ਅਤੇ ਸ਼ਤਰੰਜ ਵਰਗੀਆਂ ਖੇਡਾਂ ਨੇ ਵਿਦਿਆਰਥੀਆਂ ਦੇ ਰਣਨੀਤਕ ਅਤੇ ਤਕਨੀਕੀ ਹੁਨਰ ਦਾ ਪ੍ਰਦਰਸ਼ਨ ਕੀਤਾ। ਲੰਬੀ ਛਾਲ ਅਤੇ ਦੌੜ ਵਰਗੇ ਖੇਡ ਮੁਕਾਬਲਿਆਂ ਨੇ ਗਤੀ, ਤਾਕਤ ਅਤੇ ਸਹਿਣਸ਼ੀਲਤਾ ਦਾ ਪ੍ਰਦਰਸ਼ਨ ਕੀਤਾ। ਮਜ਼ੇਦਾਰ ਦੌੜ ਨੇ ਮੌਕੇ ਦੀ ਖ਼ੁਸ਼ੀ ਅਤੇ ਹਾਸੇ ਨੂੰ ਹੋਰ ਵਧਾ ਦਿੱਤਾ। ਪਹਿਲੇ ਇਨਾਮ ਜੇਤੂਆਂ ਵਿੱਚ ਸਪੂਨ ਰੇਸ ਵਿੱਚ ਰਿਤਿਕਾ ਸੋਨੀ, ਸ਼ਤਰੰਜ ਵਿੱਚ ਸੁਦੀਪਤ ਸ਼ਰਮਾ, ਲੰਬੀ ਛਾਲ ਵਿੱਚ ਵਿਸ਼ਾਲ ਕੁਮਾਰ, ਬੈਡਮਿੰਟਨ (ਲੜਕੀਆਂ) ਵਿੱਚ ਸੁਨਾਮੀ ਕੁਮਾਰੀ ਅਤੇ ਬੈਡਮਿੰਟਨ (ਲੜਕੇ) ਵਿੱਚ ਮੋਹਿਤ ਸ਼ਾਮਲ ਸਨ। 7ਵੇਂ ਸਮੈਸਟਰ ਦੇ ਬੀ. ਫਾਰਮ ਦੇ ਮੁੰਡਿਆਂ ਨੇ ਕਬੱਡੀ ਵਿੱਚ ਪਹਿਲਾ ਇਨਾਮ ਜਿੱਤਿਆ। ਦੂਜੇ ਸਮੈਸਟਰ ਦੇ ਬੀ. ਫਾਰਮ ਦੀਆਂ ਕੁੜੀਆਂ ਨੇ ਰੱਸਾਕਸ਼ੀ (ਲੜਕੀਆਂ) ਵਿੱਚ ਪਹਿਲਾ ਇਨਾਮ ਜਿੱਤਿਆ। ਡੀ ਫਾਰਮ ਦੂਜੇ ਸਾਲ ਦੇ ਮੁੰਡਿਆਂ ਨੇ ਟਗ ਆਫ਼ ਵਾਰ (ਲੜਕੇ) ਵਿੱਚ ਪਹਿਲਾ ਇਨਾਮ ਜਿੱਤਿਆ। ਸ਼੍ਰੀ ਗਗਨ ਕੁਮਾਰ (ਸਹਾਇਕ ਪ੍ਰੋਫੈਸਰ), ਸ਼੍ਰੀ ਮਨਦੀਪ ਸਿੰਘ (ਸਹਾਇਕ ਪ੍ਰੋਫੈਸਰ), ਸ਼੍ਰੀਮਤੀ ਰਿਤਿਕਾ, ਸ਼੍ਰੀਮਤੀ ਭਾਰਤੀ ਅਤੇ ਸ਼੍ਰੀਮਤੀ ਨਾਜ਼ ਸਮੇਤ ਫੈਕਲਟੀ ਮੈਂਬਰਾਂ ਨੇ ਪ੍ਰੋਗਰਾਮ ਦੇ ਸੁਚਾਰੂ ਸੰਚਾਲਨ ਅਤੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਈ। ਸਾਲਾਨਾ ਖੇਡ ਮੇਲਾ ਸ਼ਾਨਦਾਰ ਢੰਗ ਨਾਲ ਸਮਾਪਤ ਹੋਇਆ, ਜਿਸ ਨੇ ਯਾਦਗਾਰੀ ਪਲ ਸਿਰਜੇ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਖੇਡਾਂ ਦੀ ਮਹੱਤਤਾ ਨੂੰ ਹੋਰ ਮਜ਼ਬੂਤ ਕੀਤਾ।

# ਵਿਧਾਇਕ ਜਿੰਪਾ ਨੇ ਵਾਰਡ ਨੰਬਰ 8 'ਚ 14.80 ਲੱਖ ਦੀ ਲਾਗਤ ਨਾਲ ਬਣਨ ਵਾਲੇ ਚੌਧਰੀ ਬਿਲਾਸਰਾਮ ਪਾਰਕ ਦੇ ਨਿਰਮਾਣ ਕਾਰਜ ਦਾ ਕੀਤਾ ਸ਼ੁਭ ਆਰੰਭ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਨਗਰ ਨਿਗਮ ਵਾਰਡ ਨੰਬਰ 8 ਵਿੱਚ ਚੌਧਰੀ ਬਿਲਾਸਰਾਮ ਦੇ ਨਾਮ 'ਤੇ ਇੱਕ ਪਾਰਕ ਦੇ ਨਿਰਮਾਣ ਕਾਰਜ ਦੀ ਰਸਮੀ ਸ਼ੁਰੂਆਤ ਕੀਤੀ।ਇਸ ਪਾਰਕ ਦਾ ਨਿਰਮਾਣ 14 ਲੱਖ 80 ਹਜ਼ਾਰ ਰੁਪਏ ਦੀ ਲਾਗਤ ਨਾਲ ਕੀਤਾ ਜਾਵੇਗਾ, ਜਿਸ ਵਿਚ ਇਲਾਕੇ ਦੇ ਵਸਨੀਕਾਂ ਨੂੰ ਹਰਾ-ਭਰਾ ਵਾਤਾਵਰਣ, ਸੈਰ-ਸਪਾਟਾ ਅਤੇ ਬੱਚਿਆਂ ਲਈ ਸੁਰੱਖਿਅਤ ਖੇਡ ਸੁਵਿਧਾ ਉਪਲਬੱਧ ਹੋਵੇਗੀ। ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਸੂਬਾ ਸਰਕਾਰ ਸ਼ਹਿਰੀ ਵਿਕਾਸ ਅਤੇ ਨਾਗਰਿਕ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਵਾਰਡ ਪੱਧਰ 'ਤੇ ਵਿਕਾਸ ਨੂੰ ਤਰਜੀਹ ਦਿੰਦੇ ਹੋਏ, ਪਾਰਕਾਂ, ਸੜਕਾਂ, ਸਟਰੀਟ ਲਾਈਟਾਂ, ਪੀਣ ਵਾਲੇ ਪਾਣੀ ਅਤੇ ਸੀਵਰੇਜ ਵਰਗੇ ਬੁਨਿਆਦੀ ਢਾਂਚੇ ਦਾ ਵਿਸਥਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਪਾਰਕ ਨਾ ਸਿਰਫ਼ ਇਲਾਕੇ ਦੀ ਸੁੰਦਰਤਾ ਨੂੰ ਵਧਾਏਗਾ ਬਲਕਿ ਬਜ਼ੁਰਗਾਂ, ਨੌਜਵਾਨਾਂ ਅਤੇ ਬੱਚਿਆਂ ਲਈ ਇੱਕ ਸਿਹਤਮੰਦ ਜੀਵਨ ਸ਼ੈਲੀ ਨੂੰ ਵੀ ਉਤਸ਼ਾਹਿਤ ਕਰੇਗਾ। ਵਿਧਾਇਕ ਨੇ ਸਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਨਿਰਮਾਣ ਕਾਰਜ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਅਤੇ ਉੱਚ ਗੁਣਵੱਤਾ ਵਾਲੇ ਮਾਪਦੰਡਾਂ ਦੇ ਅਨੁਸਾਰ ਪੂਰਾ ਕੀਤਾ ਜਾਵੇ, ਤਾਂ ਜੋ ਜਨਤਾ ਨੂੰ ਤੁਰੰਤ ਲਾਭ ਮਿਲ ਸਕਣ। ਉਨ੍ਹਾਂ ਇਹ ਵੀ ਕਿਹਾ ਕਿ ਪਾਰਦਰਸ਼ਤਾ ਅਤੇ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

# 12 ਫ਼ਰਵਰੀ ਨੂੰ ਹੜਤਾ਼ਲ ਕਰੇਗੀ ਆਸ਼ਾ ਵਰਕਰ ਅਤੇ ਫੈਸਿਲੀਟੇਟਰ ਯੂਨੀਅਨ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** 12 ਫਰਵਰੀ ਨੂੰ ਟਰੇਡ ਯੂਨੀਅਨਾਂ ਵੱਲੋਂ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਦੇ ਸੱਦੇ ਉੱਤੇ ਡੈਮੋਕ੍ਰੇਟਿਕ ਆਸ਼ਾ ਵਰਕਰ ਅਤੇ ਫੈਸਿਲੀਟੇਟਰ ਯੂਨੀਅਨ ਹੜਤਾ਼ਲ ਕਰੇਗੀ। ਇਹ ਫੈਸਲਾ ਸਥਾਨਕ ਬਾਰਾਦਰੀ ਬਾ਼ਗ ਵਿਚ ਕੀਤੀ ਗਈ ਯੂਨੀਅਨ ਦੀ ਜਿਲਾ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ। ਇਸ ਮੀਟਿੰਗ ਨੂੰ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ,ਆਸ਼ਾ ਵਰਕਰ ਅਤੇ ਫੈਸਿਲੀਟੇਟਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਸ਼ਕੁੰਤਲਾ ਸਰੋਏ ਬਲਵਿੰਦਰ ਕੌਰ ਬਲਾਚੌਰ, ਰਾਜਵਿੰਦਰ ਕੌਰ ਮੁਕੰਦਪੁਰ, ਨੇ ਸੰਬੋਧਨ ਕੀਤਾ।ਇਸ ਮੌਕੇ ਸਰਬਜੀਤ ਕੌਰ, ਪਰਮਿਲਾ , ਗੀਤਾ ਮੁਜ਼ੱਫਰ ਪੁਰ ਬਲਾਕ,ਅਤੇ ਰਾਜਵਿੰਦਰ ਕੌਰ ਮੁਜ਼ੱਫਰ ਪੁਰ ਬਲਾਕ ਵੀ ਮੌਜੂਦ ਸਨ। ਆਗੂਆਂ ਨੇ ਕਿਹਾ ਕਿ ਉਹ 12 ਫਰਵਰੀ ਨੂੰ ਹੜਤਾ਼ਲ ਕਰਕੇ ਬੱਸ ਅੱਡਾ ਨਵਾਂਸ਼ਹਿਰ ਵਿਖੇ 11 ਵਜੇ ਕੀਤੀ ਜਾ ਰਹੀ ਰੈਲੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।

# ਪੰਜਾਬੀ ਸੰਗੀਤ ਜਗਤ ਦੇ ਮਾਣਮੱਤੇ ਚਰਚਿਤ ਲੋਕ ਗਾਇਕ "ਮੀਤ ਸੰਧਵਾਂ ਜੀ" ਦਾ ਸਿੰਗਲ ਟਰੈਕ " ਵਾਈਪਨ ਮਰਚੈਂਟ" ਕੀਤਾ ਲੋਕ ਅਰਪਣ

**ਫ਼ਰੀਦਕੋਟ ( ਸ਼ਿਵਨਾਥ)** ਅੱਜ ਪੰਜਾਬੀ ਸੰਗੀਤ ਜਗਤ ਦੇ ਲੋਕ ਗਾਇਕ "ਮੀਤ ਸੰਧਵਾਂ ਜੀ" ਦਾ ਦੂਸਰਾ ਸਿੰਗਲ ਟਰੈਕ "ਵਾਈਪਨ ਮਰਚੈਂਟ" ਸੰਗੀਤਕ ਪੱਤਰਕਾਰ ਤੇ ਫਿਲਮ ਜਰਨਲਿਸਟ ਅਤੇ "ਕਲਮਾਂ ਦੇ ਰੰਗ ਸਾਹਿਤ ਸਭਾ ( ਰਜਿ) ਫ਼ਰੀਦਕੋਟ ਦੇ ਪ੍ਰਧਾਨ ਸ਼ਿਵਨਾਥ ਦਰਦੀ ਫ਼ਰੀਦਕੋਟ ਜੀ ਦੇ ਗ੍ਰਹਿ ਦਸਮੇਸ਼ ਨਗਰ ਵਿਖੇ ਸੰਗੀਤਕ ਖੇਤਰ ਨਾਲ ਸਬੰਧਤ ਮਾਣਮੱਤੀਆਂ ਸਖ਼ਸ਼ੀਅਤਾਂ ਦੀ ਹਾਜਰੀ ਵਿੱਚ ਲੋਕ ਅਰਪਣ ਕੀਤਾ ਗਿਆ।



ਇਸ ਸਮੇਂ ਲੋਕ ਗਾਇਕ ਮੀਤ ਸੰਧਵਾਂ ਤੇ ਪ੍ਰੋਮੋਸ਼ਨ ਇੰਚਾਰਜ ਮਨਜੀਤ ਸਿੰਘ ਫ਼ਰੀਦਕੋਟੀਆਂ ਜੀ ਨੇ ਸੰਗੀਤਕ ਪ੍ਰੇਮੀਆ ਨੂੰ ਓਨਾਂ ਦੇ ਡਿਊਟ ਗੀਤ "ਦਾ ਫਾਈਟਸ" ਨੂੰ ਜਿਵੇ ਮਣਾਂ ਮੂਹੀ ਪਿਆਰ ਮੁਹੱਬਤ ਦਿੱਤਾ। ਓਸੇ ਤਰਾਂ ਹੀ ਇਸ ਸਿੰਗਲ ਟਰੈਕ "ਵਾਈਪਨ ਮਰਚੈਂਟ" ਨੂੰ ਵੀ ਪਿਆਰ ਮੁਹੱਬਤ ਬਖਸਣਾਂ ਗੁਜਾਰਿਸ਼ ਕੀਤੀ । ਇਸ ਸਿੰਗਲ ਟਰੈਕ ਨੂੰ ਵੱਧ ਤੋਂ ਵੱਧ ਲਾਈਕ,ਕਮੈਂਟ ਤੇ ਸੇਅਰ ਕਰਨਾ ਬੇਨਤੀ ਕੀਤੀ। ਇਸ ਸਿੰਗਲ ਦੇ ਗੀਤਕਾਰ ਹਨ , ਪ੍ਰਸਿੱਧ ਗੀਤਕਾਰ "ਹਰਪਾਲ ਸੰਧਵਾਂ ਜੀ" ਤੇ ਸੰਗੀਤਕ ਧੁੰਨਾਂ ਨਾਲ ਸ਼ਿੰਗਾਰਿਆ ਹੈ, ਚਰਚਿਤ ਸੰਗੀਤਕਾਰ "ਬਿੱਲਾ ਬਦਰਜ਼" ਨੇ। ਇਹ ਸਿੰਗਲ ਟਰੈਕ ਯੂਟਿਊਬ ਚੈਨਲ "ਮੀਤ ਐਸ.ਡੀ.ਐਚ" ਚੱਲੇਗਾ। ਇਸ ਦਾ ਫਿਲਮਾਂਕਣ ਖ਼ੂਬਸੂਰਤ ਲੋਕੇਸ਼ਨ ਕੀਤਾ ਗਿਆ। ਇਸ ਸਿੰਗਲ ਟਰੈਕ ਦੇ ਫਿਲਮਾਂਕਣ ਵਿੱਚ ਫਿਲਮ ਜਗਤ ਵਿਚ ਮੰਝੇ ਅਦਾਕਾਰ ਗਏ ਹਨ । ਇਹ ਪ੍ਰੋਜੈਕਟ ਬਾਏ ਪੰਜਾਬੀ ਲੋਕ ਗਾਇਕ ਇੰਦਰ ਮਾਨ ਜੀ ਸਨ। ਇਸ ਸਿੰਗਲ ਟਰੈਕ ਨੂੰ ਲੋਕ ਅਰਪਣ ਕਰਨ ਸਮੇਂ ਪੰਜਾਬੀ ਲੋਕ ਗਾਇਕਾ ਸਰਬਜੀਤ ਕੌਰ, ਕਮੇਡੀਅਨ ਲੱਖਾ ਤੇ ਸਿੰਮੀ , ਮਮਤਾ, ਅਸੀਸ ਕੁਮਾਰ,ਕੀਰਤ ਕੁਮਾਰ ਆਦਿ ਹਾਜ਼ਰ ਸਨ। ਸਭ ਨੇ ਲੋਕ ਗਾਇਕ "ਮੀਤ ਸੰਧਵਾਂ" ਤੇ ਓਨਾਂ ਦੀ ਟੀਮ ਨੂੰ ਮੁਬਾਰਕਬਾਦ ਦਿੱਤੀ ਤੇ ਏਸੇ ਤਰਾਂ ਚੰਗੇ ਕੰਟੈਂਟ ਲਿਆਉਣ ਦੀ ਆਸ ਜਤਾਈ।

# ਰਾਏਕੋਟ ਪੁਲਿਸ ਨੇ 24 ਘੰਟਿਆਂ ਵਿੱਚ ਚੋਰੀ ਹੋਈ TATA Punch ਕਾਰ ਸਮੇਤ ਦੋ ਦੋਸ਼ੀ ਕਾਬੂ ਕੀਤੇ

**ਰਾਏਕੋਟ, ਗੁਰਭਿੰਦਰ ਗੁਰੀ** ਮਿਤੀ 06/02/2026 ਨੂੰ ਹੋਟਲ ਏ-9 ਰਾਏਕੋਟ ਵਿੱਚ ਇੱਕ ਕਾਰ ਚੋਰੀ ਦੀ ਘਟਨਾ ਸਾਹਮਣੇ ਆਈ ਸੀ, ਜਿਸ ਵਿੱਚ ਦੋ ਨਾਮਾਲੂਮ ਨੌਜਵਾਨਾਂ ਨੇ ਕਾਰ ਮਾਲਕ ਦੇ ਕਿਰਾਏ ਦੇ ਕਮਰੇ ਵਿਚੋਂ ਕਾਰ ਦੀ ਚਾਬੀ ਅਤੇ ਪਰਸ ਚੋਰੀ ਕਰਕੇ ਹੋਟਲ ਦੀ ਪਾਰਕਿੰਗ ਵਿੱਚ ਖੜੀ TATA Punch (nMbr HR 42-J-8996) ਕਾਰ ਲੈ ਕੇ ਫਰਾਰ ਹੋ ਗਏ ਸਨ।



ਪ੍ਰਾਪਤ ਜਾਣਕਾਰੀ ਅਨੁਸਾਰ ਕਾਰ ਮਾਲਕ ਰਾਕੇਸ਼ ਕੁਮਾਰ ਪੁੱਤਰ ਮਹਾਂ ਸਿੰਘ ਵਾਸੀ ਬਲੰਦਪੁਰ, ਜ਼ਿਲ੍ਹਾ ਸੋਨੀਪਤ (ਹਰਿਆਣਾ) ਨੇ ਇਸ ਸੰਬੰਧੀ ਪੁਲਿਸ ਨੂੰ ਸ਼ਿਕਾਇਤ ਦਿੱਤੀ ਸੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਥਾਣਾ ਸਿਟੀ ਰਾਏਕੋਟ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਮੁਕੱਦਮਾ ਨੰਬਰ 12 ਮਿਤੀ 07/02/2026 ਅਧੀਨ ਜੁਰਮ 303(2), 305, 331(3), 3(5) ਭੰਸ਼ ਦਰਜ ਕੀਤਾ। ਪੁਲਿਸ ਵੱਲੋਂ ਕੀਤੀ ਗਈ ਤੇਜ਼ ਜਾਂਚ ਦੇ ਨਤੀਜੇ ਵਜੋਂ ਕੇਵਲ 24 ਘੰਟਿਆਂ ਵਿੱਚ ਦੋਸ਼ੀਆਂ ਮਨਜਿੰਦਰ ਸਿੰਘ ਉਰਫ ਗੁਗਲਾ ਪੁੱਤਰ ਪਰਮਿੰਦਰ ਸਿੰਘ ਵਾਸੀ ਨਿਊ ਅਬਾਦੀ ਅਕਾਲਗੜ੍ਹ ਅਤੇ ਮਨਜੋਤ ਸਿੰਘ ਉਰਫ ਮਨੂੰ ਪੁੱਤਰ ਜਗਤਾਰ ਸਿੰਘ ਵਾਸੀ ਪੱਤੀ ਗਿੱਲ ਸੁਧਾਰ ਨੂੰ ਟਰੇਸ ਕਰਕੇ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਨੇ ਦੋਸ਼ੀਆਂ ਕੋਲੋਂ ਚੋਰੀ ਕੀਤੀ ਕਾਰ ਅਤੇ ਪਰਸ ਸਮੇਤ ਸਾਰੇ ਦਸਤਾਵੇਜ਼ ਵੀ ਬਰਾਮਦ ਕਰ ਲਏ ਹਨ। ਥਾਣਾ ਸਿਟੀ ਰਾਏਕੋਟ ਦੇ ਐਸਐਚਓ ਐਸਆਈ ਗੁਰਸੇਵਕ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਨੂੰ ਮੁਕੱਦਮੇ ਵਿੱਚ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

# ਰਾਣੀ ਦੇ ਸਿੱਕਿਆਂ ’ਤੇ ਵਿਵਾਦ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)–** ਮਰਹੂਮ ਬਰਤਾਨਵੀ ਸਮਰਾਟ੍ਰੀ ਰਾਣੀ ਐਲਿਜ਼ਾਬੈਥ ਦੂਜੀ ਦੀ ਯਾਦ ਵਿੱਚ ਜਾਰੀ ਕੀਤੇ ਨਵੇਂ ਯਾਦਗਾਰੀ ਸਿੱਕਿਆਂ ਨੇ ਆਸਟ੍ਰੇਲੀਆ ਅਤੇ ਬਰਤਾਨੀਆ ਸਮੇਤ ਕਈ ਦੇਸ਼ਾਂ ਵਿੱਚ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਹੈ। ਸੋਸ਼ਲ ਮੀਡੀਆ ’ਤੇ ਲੋਕਾਂ ਨੇ ਇਨ੍ਹਾਂ ਸਿੱਕਿਆਂ ’ਚ ਬਣਾਈ ਗਈ ਰਾਣੀ ਦੀ ਸ਼ਕਲ ’ਤੇ ਕੜੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਇਹ ਚਿਹਰਾ ਅਸਲ ਨਾਲ ਮੇਲ ਨਹੀਂ ਖਾਂਦਾ ਅਤੇ ਕਈਆਂ ਨੇ ਤਾਂ ਇਸਦੀ ਤੁਲਨਾ ਕਾਰਟੂਨ ਕਿਰਦਾਰ ‘ਸ਼੍ਰੈਕ’ ਨਾਲ ਤੱਕ ਕਰ ਦਿੱਤੀ ਹੈ।



**ਮਰਹੂਮ ਮਹਾਰਾਣੀ ਐਲਿਜ਼ਾਬੈਥ ਦੂਜੀ ਦੀ ਸ਼ਕਲ ਵਾਲੇ ਸਿੱਕੇ। ਤਸਵੀਰ:- ਸੁਖਜਿੰਦਰ ਸਿੰਘ ਢੱਡੇ**

ਇਹ ਦੋ ਯਾਦਗਾਰੀ ਸਿੱਕੇ ਰਾਇਲ ਆਸਟ੍ਰੇਲੀਆਨ ਮਿੰਟ ਵੱਲੋਂ ਜਾਰੀ ਕੀਤੇ ਗਏ ਹਨ, ਜੋ ਰਾਣੀ ਐਲਿਜ਼ਾਬੈਥ ਦੂਜੀ ਦੇ ਜਨਮ ਦੇ 100 ਸਾਲ ਪੂਰੇ ਹੋਣ ਦੀ ਯਾਦ ਵਿੱਚ ਤਿਆਰ ਕੀਤੇ ਗਏ। ਮਿੰਟ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਇਹ ਸਿੱਕੇ ਰਾਣੀ ਦੀ ‘ਲੰਮੀ ਸੇਵਾ, ਸਮਰਪਣ ਅਤੇ ਮਨੁੱਖਤਾ ਲਈ ਕੀਤੇ ਗਏ ਅਦਭੁਤ ਯੋਗਦਾਨ’ ਨੂੰ ਸਮਰਪਿਤ ਹਨ।

ਹਾਲਾਂਕਿ ਸਿੱਕੇ ਜਾਰੀ ਹੋਣ ਦੇ ਨਾਲ ਹੀ ਸੋਸ਼ਲ ਮੀਡੀਆ ’ਤੇ ਤਸਵੀਰਾਂ ਵਾਇਰਲ ਹੋ ਗਈਆਂ, ਜਿੱਥੇ ਲੋਕਾਂ ਨੇ ਕਿਹਾ ਕਿ ਰਾਣੀ ਦੇ ਚਿਹਰੇ ਦੇ ਨਕਸ਼ ਨਾਹ ਤਾਂ ਸੁਭਾਅਕ ਲੱਗਦੇ ਹਨ ਅਤੇ ਨਾਹ ਹੀ ਉਨ੍ਹਾਂ ਦੀ ਸ਼ਖਸੀਅਤ ਨੂੰ ਦਰਸਾਉਂਦੇ ਹਨ। ਕਈ ਉਪਭੋਗਤਾਵਾਂ ਨੇ ਟਿੱਪਣੀ ਕੀਤੀ ਕਿ ਇਹ ਚਿਹਰਾ ‘ਦੀਵਾਰ ਨਾਲ ਟੱਕਰ ਮਾਰ ਕੇ ਆਏ ਵਿਅਕਤੀ ਵਰਗਾ’ ਲੱਗਦਾ ਹੈ, ਜਦਕਿ ਕੁਝ ਨੇ ਇਸਨੂੰ ਸਿੱਧੀ ਤੌਰ ’ਤੇ ਅਪਮਾਨਜਨਕ ਕਰਾਰ ਦਿੱਤਾ।

ਇਤਿਹਾਸਕਾਰਾਂ ਅਤੇ ਸ਼ਾਹੀ ਪਰਿਵਾਰ ਨਾਲ ਜੁੜੇ ਮਾਹਿਰਾਂ ਦਾ ਮੰਨਣਾ ਹੈ ਕਿ ਰਾਣੀ ਐਲਿਜ਼ਾਬੈਥ ਦੂਜੀ ਦੁਨੀਆ ਦੀ ਸਭ ਤੋਂ ਪਛਾਣੀ ਜਾਣ ਵਾਲੀ ਸ਼ਖਸੀਅਤਾਂ ’ਚੋਂ ਇੱਕ ਰਹੀ ਹੈ, ਇਸ ਲਈ ਉਨ੍ਹਾਂ ਦੀ ਤਸਵੀਰ ਜਾਂ ਨਕਸ਼ੇਬੰਦੀ ਕਰਦੇ ਸਮੇਂ ਬਹੁਤ ਸੰਵੇਦਨਸ਼ੀਲਤਾ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਯਾਦਗਾਰੀ ਸਿੱਕੇ ਸਿਰਫ਼ ਧਾਤੂ ਨਹੀਂ, ਸਗੋਂ ਇਤਿਹਾਸ ਦਾ ਹਿੱਸਾ ਹੁੰਦੇ ਹਨ।

ਉਧਰ ਰਾਇਲ ਆਸਟ੍ਰੇਲੀਆਨ ਮਿੰਟ ਨੇ ਆਲੋਚਨਾ ’ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਹੈ ਕਿ ਸਿੱਕਿਆਂ ਦਾ ਡਿਜ਼ਾਇਨ ਕਲਾਤਮਕ ਸੋਚ ਅਤੇ ਇਤਿਹਾਸਕ ਪ੍ਰਤੀਕਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ। ਮਿੰਟ ਦੇ ਅਧਿਕਾਰੀਆਂ ਅਨੁਸਾਰ, ਹਰ ਵਿਅਕਤੀ ਦੀ ਰਾਏ ਵੱਖਰੀ ਹੋ ਸਕਦੀ ਹੈ ਅਤੇ ਕਲਾ ਸਦਾ ਚਰਚਾ ਦਾ ਵਿਸ਼ਾ ਰਹੀ ਹੈ।

ਰਾਜਨੀਤਿਕ ਅਤੇ ਸਮਾਜਿਕ ਵਰਗਾਂ ਵਿੱਚ ਵੀ ਇਹ ਮਾਮਲਾ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ। ਕਈ ਲੋਕਾਂ ਦਾ ਕਹਿਣਾ ਹੈ ਕਿ ਰਾਣੀ ਵਰਗੀ ਮਹਾਨ ਸ਼ਖਸੀਅਤ ਦੀ ਯਾਦ ਵਿੱਚ ਜਾਰੀ ਸਿੱਕੇ ਹੋਰ ਜ਼ਿਆਦਾ ਸਨਮਾਨ ਅਤੇ ਗੰਭੀਰਤਾ ਨਾਲ ਤਿਆਰ ਹੋਣੇ ਚਾਹੀਦੇ ਸਨ।

ਫਿਲਹਾਲ, ਇਹ ਵਿਵਾਦ ਥਮਣ ਦਾ ਨਾਮ ਨਹੀਂ ਲੈ ਰਿਹਾ ਅਤੇ ਇਹ ਦੇਖਣਾ ਬਾਕੀ ਹੈ ਕਿ ਮਿੰਟ ਵੱਲੋਂ ਇਸ ਮਾਮਲੇ ’ਚ ਕੋਈ ਤਬਦੀਲੀ ਜਾਂ ਸਪਸ਼ਟੀਕਰਨ ਦਿੱਤਾ ਜਾਂਦਾ ਹੈ ਜਾਂ ਨਹੀਂ।



**ਭਾਦਸੋਂ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਬਹੁਤ ਬਹੁਤ ਧੰਨਵਾਦ ਬਾਈ ਜਤਿੰਦਰ ਸਿੰਘ ਵਿਰਕ ਆਸਟ੍ਰੇਲੀਆ ,ਜਗਰੂਪ ਗਿੱਲ ਆਸਟ੍ਰੇਲੀਆ , ਹਰਪ੍ਰੀਤ ਖੰਗੂੜਾ ਆਸਟ੍ਰੇਲੀਆ , ਤੇ ਰਾਜਵੀਰ ਸਿੰਘ ਖੰਗੂੜਾ ਆਸਟ੍ਰੇਲੀਆ , SGGS Transport ਵਾਲਿਆ ਦਾ ਜਿੰਨਾ ਨੇ ਤੁਹਾਡੇ ਦਾਸ ਸੰਧੂ ਭਰਾਵਾਂ ਦਾ ਕੱਲ ਭਾਦਸੋਂ ਕਬੱਡੀ ਕੱਪ ਤੇ 50000 ਹਜਾਰ ਦੀ ਨਕਦ ਰਾਸ਼ੀ ਨਾਲ ਸਨਮਾਨ ਕੀਤਾ।ਬਾਬਾ ਨਾਨਕ ਜੀ ਭਰਾਵਾਂ ਨੂੰ ਚੜਦੀ ਕਲਾ ਵਿੱਚ ਰੱਖਣ ਜੀ।

# ਸਾਹਿਤ ਸਭਾ ਵਲੋ ਸ਼ਾਇਰ "ਕਵਿੰਦਰ ਚਾਂਦ" ਨਾਲ ਰੂ-ਬ-ਰੂ ਸਮਾਗਮ ਆਯੋਜਿਤ

## ਮੁਆਫੀ ਨਾਮਾ,ਚੱਲ ਪੰਜਾਬ ਨੂੰ ਚੱਲੀਏ ਅਤੇ ਕੁੜੀਆਂ ਚਿੜੀਆਂ ਕਵਿਤਾਵਾਂ ਨੇ ਸਰੋਤਿਆਂ ਦੇ ਮਨ ਟੁੰਬੇ



**ਕਪੂਰਥਲਾ, ਫ਼ਰਵਰੀ (ਕੌੜਾ)**-ਸਾਹਿਤ ਸਭਾ ਸੁਲਤਾਨਪੁਰ ਲੋਧੀ ਵੱਲੋਂ ਪ੍ਰਧਾਨ ਡਾ. ਸਵਰਨ ਸਿੰਘ, ਸਕੱਤਰ ਮੁਖਤਾਰ ਸਿੰਘ ਚੰਦੀ ਅਤੇ ਪ੍ਰਮੁੱਖ ਸਲਾਹਕਾਰ ਐਡ. ਰਜਿੰਦਰ ਸਿੰਘ ਰਾਣਾ ਦੀ ਅਗਵਾਈ ਹੇਠ ਕੈਨੇਡਾ ਵਾਸੀ ਸ਼ਾਇਰ ਕਵਿੰਦਰ ਚਾਂਦ ਨਾਲ ਕਰਵਾਇਆ ਰੂ-ਬ-ਰੂ ਸਮਾਗਮ ਡੂੰਘੀਆਂ ਪੈੜਾ ਛੱਡਦਾ ਯਾਦਗਾਰੀ ਹੋ ਨਿਬੜਿਆ। ਇਸ ਸਮਾਗਮ ਦੌਰਾਨ ਜਿੱਥੇ ਸ਼ਾਇਰੀ ਦਾ ਪ੍ਰਵਾਹ ਚੱਲਿਆ ਉੱਥੇ ਵੱਖ-ਵੱਖ ਵਿਦਵਾਨਾਂ ਤੇ ਸਾਹਿਤ ਪ੍ਰੇਮੀਆਂ ਵੱਲੋਂ ਕਵਿੰਦਰ ਚਾਂਦ ਦੀ ਗਜ਼ਲ, ਗੀਤ ਤੇ ਕਾਵਿ- ਸਿਰਜਨਾ ਬਾਰੇ ਭਾਵਪੂਰਤ ਵਿਚਾਰ ਪੇਸ਼ ਕੀਤੇ ਗਏ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪ੍ਰਧਾਨ ਡਾ. ਸਵਰਨ ਸਿੰਘ, ਸੰਤ ਬਾਬਾ ਸੁਖਜੀਤ ਸਿੰਘ ਸੀਚੇਵਾਲ, ਐਡਵੋਕੇਟ ਰਜਿੰਦਰ ਸਿੰਘ ਰਾਣਾ, ਸਾਬਕਾ ਸਿੱਖਿਆ ਅਧਿਕਾਰੀ ਬਿਕਰਮਜੀਤ ਸਿੰਘ ਥਿੰਦ ਅਤੇ ਪ੍ਰੈੱਸ ਕਲੱਬ ਪ੍ਰਧਾਨ ਸੁਰਿੰਦਰਪਾਲ ਸਿੰਘ ਸੋਢੀ ਵੱਲੋਂ ਕਵਿੰਦਰ ਚਾਂਦ ਦਾ ਸਵਾਗਤ ਕਰਦਿਆਂ ਸਾਹਿਤ ਸਭਾ ਵੱਲੋਂ ਉਹਨਾਂ ਨੂੰ ਟਰਾਫੀ ਤੇ ਦੁਸ਼ਾਲਾ ਭੇਂਟ ਕੀਤਾ। ਸੰਤ ਬਾਬਾ ਸੁਖਜੀਤ ਸਿੰਘ ਸੀਚੇਵਾਲ ਨੇ ਕਵਿੰਦਰ ਚਾਂਦ ਨੂੰ ਅਸ਼ੀਰਵਾਦ ਦਿੰਦਿਆਂ ਚੰਦ ਨੂੰ ਮਾਂ ਬੋਲੀ ਦਾ ਲਾਡਲਾ ਪੈਰੋਕਾਰ ਦੱਸਦਿਆਂ ਉਹਨਾਂ ਵੱਲੋਂ ਰਚੀਆਂ ਜਾ ਰਹੀਆਂ ਕਵਿਤਾਵਾਂ ਦੀ ਭਰਪੂਰ ਸਲਾਘਾ ਕੀਤੀ। ਸਾਹਿਤ ਸਭਾ ਪ੍ਰਧਾਨ ਡਾ. ਸਵਰਨ ਸਿੰਘ ਨੇ ਜਿੱਥੇ ਰਸਮੀ ਤੌਰ ਤੇ ਸਾਹਿਤ ਸਭਾ ਵੱਲੋਂ ਕਵਿੰਦਰ ਚਾਂਦ ਨੂੰ ਜੀ ਆਇਆ ਕਿਹਾ ਉੱਥੇ ਸਾਹਿਤ ਸਭਾ ਦੀਆਂ ਜੜਾਂ, ਹੋਂਦ ਅਤੇ ਪ੍ਰਾਪਤੀਆਂ ਬਾਰੇ ਸਰੋਤਿਆਂ ਨਾਲ ਸਾਂਝ ਪਾਈ। ਸਾਹਿਤ ਸਭਾ ਸਕੱਤਰ ਮੁਖਤਾਰ ਚੰਦੀ ਨੇ ਜਿੱਥੇ ਲਾਜਵਾਬ ਤਰੀਕੇ ਅਤੇ ਸ਼ਾਇਰਾਨਾ ਅੰਦਾਜ਼ ਨਾਲ ਮੰਚ ਸੰਚਾਲਨ ਕੀਤਾ ਉਥੇ ਸ਼ਾਇਰ ਕਵਿੰਦਰ ਚਾਂਦ ਦੀਆਂ ਵੱਖ-ਵੱਖ ਬਹੁਮੁੱਲੀਆਂ ਅਤੇ ਬੇਸ਼ਕੀਮਤੀ ਰਚਨਾਵਾਂ ਦੀ ਸਰੋਤਿਆਂ ਨਾਲ ਭਰਵੀ ਸਾਂਝ ਪਾਈ। ਉਹਨਾਂ ਵੱਲੋਂ ਕਵਿੰਦਰ ਚਾਂਦ ਦੀਆਂ ਰਚਨਾਵਾਂ "ਬੰਸਰੀ ਕਿੱਧਰ ਗਈ", "ਨਾਨਕ ਨਾਨਕ", "ਤੇਗ ਤੇ ਤਿਆਗ", "ਸਮਾਂ ਬੋਲਣ ਦਾ", "ਦਿੱਲੀ" ਅਤੇ "ਅੱਠ ਸਮੁੰਦਰ" ਵਿੱਚੋਂ ਬੇਮਿਸਾਲ ਸ਼ੇਅਰ ਸਰੋਤਿਆਂ ਦੀ ਨਜ਼ਰ ਕੀਤੇ। ਸਕੱਤਰ ਮੁਖਤਾਰ ਚੰਦੀ ਨੇ ਕਵਿੰਦਰ ਚਾਂਦ ਦੇ ਸਾਹਿਤਿਕ ਸਫਰ ਦੀਆਂ ਪ੍ਰਾਪਤੀਆਂ ਬਾਰੇ ਵੀ ਵਿਚਾਰ ਰੱਖੇ। ਉਹਨਾਂ ਕਿਹਾ ਕਿ ਕਵਿੰਦਰ ਚਾਂਦ ਨੇ ਹਰ ਸੰਭਵ ਵਿਸ਼ਾ ਲੈ ਕੇ ਇੱਕ ਜਾਨਦਾਰ ਕਵਿਤਾ ਦੀ ਸਿਰਜਣਾ ਕਰਕੇ ਪਾਠਕਾਂ ਨੂੰ ਅੰਦਰੋਂ ਤੇ ਬਾਹਰੋਂ ਪੂਰੀ ਤਰ੍ਹਾਂ ਝੰਜੋੜਿਆ ਹੈ। ਸਭਾ ਦੇ ਪ੍ਰਮੁੱਖ ਸਲਾਹਕਾਰ ਐਡ. ਰਜਿੰਦਰ ਸਿੰਘ ਰਾਣਾ ਨੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਕਵਿੰਦਰ ਚਾਂਦ ਵੱਲੋਂ ਵਿਰਸੇ ਵਿੱਚ ਮਿਲੀ ਕਾਵਿਕ ਭਾਸ਼ਾ, ਸ਼ੈਲੀ ਸੱਚਮੁੱਚ ਹੀ ਅਜੋਕੇ ਸਮੇਂ ਅਨੁਸਾਰ ਉਹਨਾਂ ਦੀ ਸਫਲ ਕਵਿਤਾ ਦੀ ਰਹਿਨੁਮਾਈ ਕਰਦੀ ਹੈ। ਉਹਨਾਂ ਕੁਵਿੰਦਰ ਚਾਂਦ ਨੂੰ ਸੰਨ 1968 ਵਿੱਚ ਉਹਨਾਂ ਦੇ ਪਿਤਾ ਜੀ ਚਰਨ ਸਿੰਘ ਚਰਨ ਵੱਲੋਂ ਰਚੀਆਂ ਦੋ ਪੁਸਤਕਾਂ ਵੀ ਭੇਂਟ ਕੀਤੀਆਂ। ਇਸ ਸਮੇਂ ਸਾਬਕਾ ਸਿੱਖਿਆ ਅਧਿਕਾਰੀ ਬਿਕਰਮਜੀਤ ਸਿੰਘ ਥਿੰਦ ਸਟੇਟ ਅਵਾਰਡੀ ਨੇ ਕਵਿੰਦਰ ਚਾਂਦ ਨੂੰ ਇੱਕ ਚੇਤਨ ਅਤੇ ਅਤਿ-ਆਧੁਨਿਕ ਸ਼ਾਇਰ ਦੱਸਦੇ ਹੋਏ ਕਿਹਾ ਕਿ ਉਹਨਾਂ ਦੀਆਂ ਰਚਨਾਵਾਂ ਪਾਠਕਾਂ ਨੂੰ ਨਵਾਂ ਉਤਸਾਹ ਦਿੰਦੀਆਂ ਹਨ ਅਤੇ ਹਰ ਸਮੇਂ ਮਨੁੱਖੀ ਸਹਾਰਾ ਬਣਦੀਆਂ ਨਜ਼ਰ ਆਉਂਦੀਆਂ ਹਨ। ਥਿੰਦ ਨੇ ਕਿਹਾ ਕਿ ਕਵਿੰਦਰ ਚਾਂਦ ਪੰਜਾਬੀ ਗਜ਼ਲ ਦਾ ਮੁਹਾਂਦਰਾ ਘੜਨ ਵਾਲਿਆਂ ਵਿੱਚ ਮੋਹਰੀ ਹਸਤਾਖਰ ਬਣ ਕੇ ਉਭਰਿਆ ਹੈ। ਬਿਕਰਮਜੀਤ ਸਿੰਘ ਥਿੰਦ ਨੇ ਕਿਹਾ ਕਿ ਸ਼ਾਇਰ ਕਵਿੰਦਰ ਚਾਂਦ ਆਪਣੇ ਆਲੇ ਦੁਆਲੇ ਵਾਪਰਨ ਵਾਲੀ ਹਰ ਘਟਨਾ ਦਾ ਨੋਟਿਸ ਲੈਂਦਾ ਹੈ ਤੇ ਫਿਰ ਇੱਕ ਵੱਖਰੇ ਕਾਵਿਕ ਅੰਦਾਜ਼ ਵਿੱਚ ਕਵਿਤਾ ਸਿਰਜ ਦਿੰਦਾ ਹੈ। ਇਸ ਸਮੇਂ ਪ੍ਰਤਾਪ ਸਿੰਘ ਮੋਮੀ ਅਤੇ ਡਾ. ਪਰਮਜੀਤ ਸਿੰਘ ਮਾਨਸਾ ਨੇ ਕਿਹਾ ਕਿ ਕਵਿੰਦਰ ਚਾਂਦ ਦੀਆਂ ਕਵਿਤਾਵਾਂ ਵਿੱਚ ਸੰਵੇਦਨਾ, ਵਿਅੰਗ, ਤਿੱਖਾਪਨ ਤੇ ਹੇਰਵਾ ਵੀ ਬਾਖੂਬੀ ਨਜ਼ਰ ਆਉਂਦਾ ਹੈ। ਉਹਨਾਂ ਕਿਹਾ ਕਿ ਕਵਿੰਦਰ ਚਾਂਦ ਜੜਾਂ ਨਾਲ ਜੁੜਿਆ ਸ਼ਾਇਰ ਹੈ ਅਤੇ ਉਹ ਗਜ਼ਲ, ਗੀਤ ਸਿਰਜਣ ਸਮੇਂ ਸਮਕਾਲੀ ਪਰਿਸਥਿਤੀਆਂ ਨੂੰ ਆਧਾਰ ਬਣਾਉਂਦਾ ਹੈ। ਸਮਾਗਮ ਵਿੱਚ ਕਵਿੰਦਰ ਚਾਂਦ ਨੇ ਸਰੋਤਿਆਂ ਨਾਲ ਆਪਣੀ ਅਹਿਮ ਕਵਿਤਾ "ਮੁਆਫੀਨਾਮਾ" ਅਤੇ "ਚੱਲ ਪੰਜਾਬ ਨੂੰ ਚੱਲੀਏ" ਗਾ ਕੇ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ। ਸ਼ਾਇਰ ਚਾਂਦ ਨੇ ਆਪਣੇ ਸਾਹਿਤਿਕ ਸਫਰ ਬਾਰੇ ਦੱਸਿਆ ਕਿ ਉਹਨਾਂ ਦੇ ਪਿਤਾ ਚਰਨ ਸਿੰਘ ਚਰਨ ਦੇ ਕਵੀ ਹੋਣ ਕਾਰਨ ਵਿਰਾਸਤ ਵਿੱਚ ਮਿਲੀ ਸਾਹਿਤ ਸਿਰਜਨਾ ਕਾਰਨ ਹੀ ਉਹ ਅੱਜ ਮਾਂ ਬੋਲੀ ਪੰਜਾਬੀ ਦੇ ਚਿੰਤਕ ਸ਼ਾਇਰਾਂ ਵਿੱਚ ਨਾਮ ਬਣਾਉਣ ਚ ਸਫਲ ਹੋਇਆ ਹੈ। ਸਮਾਗਮ ਵਿੱਚ ਸਾਹਿਤ ਸਭਾ ਦੇ ਵੱਖ-ਵੱਖ ਸ਼ਾਇਰਾਂ ਬਲਬੀਰ ਸ਼ੇਰਪੁਰੀ, ਜੱਗਾ ਸਿੰਘ, ਕਵਿਤਰੀ ਕੁਲਵਿੰਦਰ ਕੰਵਲ, ਕਵਿਤਰੀ ਬੀਬਾ ਗੁਰਲਾਲ ਸੰਧੂ ਅਤੇ ਮਾਸਟਰ ਦੇਸ ਰਾਜ ਨੇ ਆਪਣੀਆਂ ਰਚਨਾਵਾਂ ਸਰੋਤਿਆਂ ਸਾਹਮਣੇ ਪੇਸ਼ ਕੀਤੀਆਂ। ਸਮਾਗਮ ਵਿੱਚ ਸਾਹਿਤ ਸਭਾ ਦੇ ਪੈਰੋਕਾਰਾਂ ਡਾ. ਸਵਰਨ ਸਿੰਘ, ਸਕੱਤਰ ਮੁਖਤਾਰ ਸਿੰਘ ਚੰਦੀ, ਸੰਤ ਬਾਬਾ ਸੁਖਜੀਤ ਸਿੰਘ ਸੀਚੇਵਾਲ, ਐਡ. ਰਜਿੰਦਰ ਸਿੰਘ ਰਾਣਾ, ਬਿਕਰਮਜੀਤ ਸਿੰਘ ਥਿੰਦ ਸਾਬਕਾ ਜ਼ਿਲ੍ਹਾ ਸਿੱਖਿਆ ਅਧਿਕਾਰੀ, ਪ੍ਰੈੱਸ ਕਲੱਬ ਪ੍ਰਧਾਨ ਸੁਰਿੰਦਰ ਪਾਲ ਸਿੰਘ ਸੋਢੀ ਦੇ ਨਾਲ ਐੱਸ.ਡੀ.ਓ. ਪ੍ਰਤਾਪ ਸਿੰਘ ਮੋਮੀ ਡਾਕਟਰ ਪਰਮਜੀਤ ਸਿੰਘ ਮਾਨਸਾ, ਸਿਮਰਨਜੀਤ ਸਿੰਘ ਚਾਂਦ, ਮਾ. ਅਜੀਤ ਸਿੰਘ, ਮਾ. ਸੁੱਚਾ ਸਿੰਘ,ਲਾਇਨ ਕਸ਼ਮੀਰ ਸਿੰਘ,ਨਰਿੰਦਰ ਸਿੰਘ ਢਿੱਲੋਂ ਬਿਜਲੀ ਵਿਭਾਗ, ਹਰਜਿੰਦਰ ਸਿੰਘ ਧੰਜੂ, ਜਗਮੋਹਨ ਸਿੰਘ, ਬੁੱਕਣ ਸਿੰਘ, ਗਾਇਕ ਬਲਬੀਰ ਸ਼ੇਰਪੁਰੀ, ਸ਼ਾਇਰ ਮਾਸਟਰ ਦੇਸਰਾਜ, ਕਵਿਤਰੀ ਕੁਲਵਿੰਦਰ ਕੰਵਲ, ਅਮਰੀਕ ਸਿੰਘ ਅਤੇ ਵੱਡੇ ਗਿਣਤੀ ਵਿੱਚ ਸਰੋਤੇ ਹਾਜ਼ਰ ਸਨ।

# ਡੇਰਾ ਭਰੋਮਜਾਰਾ ਤੋਂ ਸਜਾਏ ਵਿਸ਼ਾਲ ਨਗਰ ਕੀਰਤਨ ਦਾ ਵੱਖ ਵੱਖ ਪਿੰਡਾਂ ਦੀਆ ਸੰਗਤਾਂ ਵਲੋਂ ਨਿੱਘਾ ਸਵਾਗਤ

## ਸੰਗਤਾ ਵਲੋਂ ਥਾਂ-ਥਾਂ ਲੰਗਰ ਲਗਾਏ ਵੱਖ ਵੱਖ ਪਕਵਾਨਾ ਦੇ ਲੰਗਰ




**ਹੁਸ਼ਿਆਰਪੁਰ / ਭਰੋਮਜਾਰਾ (ਤਰਸੇਮ ਦੀਵਾਨਾ)** ਸ੍ਰੀ ਗੁਰੂ ਰਵਿਦਾਸ ਮਹਾਰ-ਾਜ ਜੀ ਦੇ 649 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਚਾਰ ਦਾ ਧੁਰਾ ਜਾਣੇ ਜਾਂਦੇ ਡੇਰਾ ਸੰਤ ਬਾਬਾ ਮੇਲਾ ਰਾਮ ਭਰੋਮਜਾਰਾ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆ ਦੀ ਅਗਵਾਈ ਵਿੱਚ, ਸੰਤ ਬਾਬਾ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ ਪੰਜਾਬ ਅਤੇ ਸੰਤ ਡਾ.ਲਛਮਣ ਦਾਸ ਦੀ ਸਰਪ੍ਰਸਤੀ ਵਿੱਚ ਨਗਰ ਕੀਰਤਨ ਸਜਾਇਆ ਗਿਆ। ਜਿਥੇ ਨਾਮਵਰ ਕੀਰਤਨੀ ਜਥਿਆ ਨੇ ਹਾਜਰੀਆ ਭਰੀਆ ਉਥੇ ਗੱਤਕਾ ਪਾਰਟੀਆ ਨੇ ਸੰਗਤਾਂ ਦਾ ਮਨੋਰੰਜਨ ਕੀਤਾ । ਅਰਦਾਸ ਕਰਨ ਉਪਰੰਤ ਇਹ ਨਗਰ ਕੀਰਤਨ ਭਰੋਮਜਾਰਾ ਸਰਹਾਲਾ ਰਾਣੂੰਆ,ਚੱਕ ਮਾਈਦਾਸ ਚੱਕ ਗੁਰੂ, ਤਲਵੰਡੀ ਜੱਟਾਂ ਚੱਕ ਰਾਮੰ ਤੋਂ ਹੁੰਦਾ ਹੋਇਆ ਡੇਰੇ ਵਿਖੇ ਸੰਪਨ ਹੋਇਆ। ਥਾਂ-ਥਾਂ ਸੰਗਤਾਂ ਵਲੋਂ ਨਗਰ ਕੀਰਤਨ ਦਾ ਨਿੱਘਾ ਸਵਾਗਤ ਕੀਤਾ ਅਤੇ ਸੰਗਤਾਂ ਨੂੰ ਲੰਗਰ ਛਕਾਏ ਗਏ। ਇਸ ਮੌਕੇ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਖਰਣਏ ਪੰਜਾਬ ਅਤੇ ਸੰਤ ਡਾ.ਲਛਮਣ ਦਾਸ, ਬਾਬਾ ਜਿੰਦਰ ਜੀ,ਅਵਤਾਰ ਸਿੰਘ ਕਰੀਮਪੁਰੀ ਪੰਜਾਬ ਪ੍ਰਧਾਨ ਬਸਪਾ, ਸਾਬਕਾ ਵਿਧਾਇਕ ਚੌਧਰੀ ਮੋਹਣ ਲਾਲ ਬਹਿਰਾਮ, ਸੀਨੀਅਰ ਕਾਂਗਰਸ ਆਗੂ ਕਮਲਜੀਤ ਬੰਗਾ ਸਾਬਕਾ ਮੈਂਬਰ ਜਿਲ੍ਹਾ ਪ੍ਰੀਸ਼ਦ, ਬਿਮਲਾ ਦੇਵੀ ਬੰਗਾ ਮੈਂਬਰ ਜਿਲ੍ਹਾ ਪ੍ਰੀਸ਼ਦ, ਸਮਾਜ ਸੇਵਕ ਬਲਵੀਰ ਬੈਂਸ ਕੈਨੇਡਾ, ਪ੍ਰਵੀਨ ਬੰਗਾ ਬਸਪਾ ਆਗੂ,ਚਰਨਜੀਤ ਮੰਢਾਲੀ, ਮਲਕੀਤ ਚੰਦ ਮੰਢਾਲੀ, ਧਰਮਪਾਲ ਪੰਚ ਤਲਵੰਡੀ ਜੱਟਾਂ, ਪ੍ਰਿੰ: ਹਰਭਜ ਰਾਮ,ਲੈਕਚਰਾਰ ਰਾਮ ਲੁਭਾਇਆ ਕਲਸੀ, ਬਿਹਾਰੀ ਲਾਲ ਨੰਗਲ ਡੈਮ ਕੁਲਵੰਤ ਰਾਮ ਸਰਪੰਚ ਚੱਕ ਮਾਈਦਾਸ, ਅਵਤਾਰ ਰਾਮ ਸਾਬਕਾ ਸਰਪੰਚ ਸਰਹਾਲਾ ਕੁਲਦੀਪ ਲਾਲ ਗੜ੍ਹਸ਼ੰਕਰ, ਸਮ ਨਾਥ ਗੜ੍ਹਸ਼ਕਰ, ਯਸ਼ਪਾਲ ਗੜ੍ਹਸ਼ੰਕਰ, ਕੁਲਦੀਪ ਚੰਦ ਗੜ੍ਹਸ਼ੰਕਰ ਗਿਆਨ ਚੰਦ ਖੱਤਨ ਜਲੰਧਰ, ਹਰਜਿੰਦਰ ਕੁਮਾਰ, ਬਲਵੰਤ ਰਾਏ ਵੜਿੰਗ, ਸਰੋਜ ਕੁਮਾਰ ਵੜਿੰਗ, ਗੁਰਦੀਪ ਸਿੰਘ ਭਰੋਲੀ, ਗੁਰਪ੍ਰੀਤ ਸਿੰਘ,ਸ਼ਮੀਰ ਬੰਗੜ ਭਗਵੰਤ ਕੁਮਾਰ ਕਮੰਡਲ ਦਾਸ ਮੱਖਣ ਲਾਲ, ਜੋਗਿੰਦਰ ਪਾਲ, ਮਹਿੰਦਰ ਸਿੰਘ, ਜੋਗਰਾਜ ਜੋਗੀ ਚੱਕਗਰ, ਲਾਲ ਦੀਪਾ ਬੰਗੜ ਸੇਵਾਦਾਰ ਗਗਨ ਸਰਹਾਲ ਆਦਿ ਸੰਗਤਾਂ ਹਾਜਰ ਸਨ ।

# ਸਾਹਿਤ ਸਿਰਜਣਾ ਮੰਚ ਵੱਲੋਂ ਮੁਰਗਾਬੀਆਂ ਨਾਵਲ ਤੇ ਵਿਚਾਰ ਗੋਸ਼ਟੀ ਕਰਵਾਈ


















**ਭਵਾਨੀਗੜ੍ਹ (ਰਮੇਸ਼ਵਰ ਸਿੰਘ)**ਸਾਹਿਤ ਸਿਰਜਣਾ ਮੰਚ ਭਵਾਨੀਗੜ੍ਹ ਵੱਲੋਂ ਪੰਜਾਬੀ ਸਾਹਿਤ ਸਭਾ ਧੂਰੀ ਦੇ ਪ੍ਰਧਾਨ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਮੂਲ ਚੰਦ ਸ਼ਰਮਾ ਜੀ ਦੀ ਪ੍ਰਧਾਨਗੀ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੁ) ਭਵਾਨੀਗੜ੍ਹ ਵਿਖੇ 8 ਫਰਵਰੀ 2026 ਨੂੰ ਪੰਜਾਬੀ ਦੇ ਉੱਘੇ ਨਾਵਲਕਾਰ ਜਸਵਿੰਦਰ ਪੰਜਾਬੀ ਦੇ ਨਾਵਲ 'ਮੁਰਗਾਬੀਆਂ' ਤੇ ਵਿਚਾਰ ਗੋਸ਼ਟੀ ਕਰਵਾਈ ਗਈ ਜਿਸ ਵਿੱਚ ਲੇਖਕ ਭਾਈਚਾਰੇ ਦੀ ਲੇਖਣੀ, ਕਹਿਣੀ ਤੇ ਕਥਨੀ ਵਿਚਲੇ ਫਰਕ ਨੂੰ ਬੜੀ ਖ਼ੂਬਸੂਰਤੀ ਅਤੇ ਦਲੇਰੀ ਨਾਲ ਚਿਤਰਿਆ ਗਿਆ ਹੈ। ਆਪਣੇ ਪਲੇਠੇ ਨਾਵਲ ਮੁਰਗਾਬੀਆਂ ਨਾਲ ਹੀ ਪੰਜਾਬੀ ਪਾਠਕਾਂ ਦੇ ਦਿਲਾਂ ਵਿੱਚ ਵਿਸ਼ੇਸ਼ ਥਾਂ ਬਣਾਉਣ ਵਾਲੇ ਜਸਵਿੰਦਰ ਪੰਜਾਬੀ ਨੇ ਮੁਰਗਾਬੀਆਂ ਨਾਵਲ ਤੋਂ ਬਾਅਦ ਮੁਰਗਾਬੀਆਂ-2 ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾਇਆ ਹੈ ਅਤੇ ਬਹੁਤ ਜਲਦ ਇੱਕ ਹੋਰ ਖ਼ੂਬਸੂਰਤ ਨਾਵਲ 'ਲਾਲ ਹਵੇਲੀ' ਲੈ ਕੇ ਪੰਜਾਬੀ ਪਾਠਕਾਂ ਵਿੱਚ ਹਾਜ਼ਰ ਹੋ ਰਿਹਾ ਹੈ। ਇਸ ਮੌਕੇ ਪੰਜਾਬੀ ਸਾਹਿਤਕ ਸੱਥ ਹਰਫ਼ਾਂ ਦੀ ਲੋਅ ਦੇ ਪ੍ਰਧਾਨ ਸਰਬਜੀਤ ਕੌਰ ਢਿੱਲੋਂ ਅਤੇ ਕਾਫ਼ਿਲਾ-ਏ-ਮੀਰ ਦੇ ਪ੍ਰਧਾਨ ਰਵੀਨਾ ਖ਼ਾਨ ਵੀ ਉਚੇਚੇ ਤੌਰ ਤੇ ਹਾਜ਼ਰ ਹੋਏ। ਇਸ ਦੌਰਾਨ ਇੱਕ ਵਿਸ਼ਾਲ ਕਵੀ ਦਰਬਾਰ ਵੀ ਕਰਵਾਇਆ ਗਿਆ ਜਿਸ ਵਿੱਚ ਇਲਾਕੇ ਦੇ ਨਾਮਵਰ ਸ਼ਾਇਰ ਜਿਵੇਂ ਕਿ ਰਣਜੀਤ ਆਜ਼ਾਦ ਕਾਂਝਲਾ, ਅਨੋਖ ਸਿੰਘ ਵਿਰਕ, ਮੇਜਰ ਸਿੰਘ ਮੱਟਰਾਂ, ਪਵਨ ਹੋਸੀ, ਬਲਜੀਤ ਸਿੰਘ ਬਾਂਸਲ ਧੂਰੀ, ਉਮੇਸ਼ ਕੁਮਾਰ ਘਈ, ਸੰਦੀਪ ਸਿੰਘ ਬਖੋਪੀਰ, ਚਰਨਜੀਤ ਸਿੰਘ, ਮੀਤ ਸਕਰੌਦੀ, ਕੇਸਰ ਸਿੰਘ ਤੇਜਾ,ਸਰਬਜੀਤ ਸੰਗਰੂਰਵੀ, ਪਰਮਿੰਦਰ ਸਿੰਘ, ਕਾਕਾ ਅਵਤਾਰ ਸਿੰਘ ਬਾਲਦ ਕਲਾਂ, ਬੱਲੀ ਬਲਜਿੰਦਰ ਈਲਵਾਲ, ਜਗਤਾਰ ਸਿੰਘ ਸਕਰੌਦੀ, ਰਾਜੀਵ ਜਿੰਦਲ, ਹਰਵੀਰ ਸਿੰਘ ਬਾਗੀ, ਗਿਆਨ ਸਿੰਘ, ਰਣਜੀਤ ਸਿੰਘ, ਮਾਲਵਿੰਦਰ ਨਾਥ, ਅਵਤਾਰ ਸਿੰਘ, ਬਲਵੰਤ ਸਿੰਘ, ਗੁਰਸੇਵਕ ਸਿੰਘ ਰਾਜਪੁਰਾ ਨੇ ਆਪੋ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਇਸ ਮੌਕੇ ਨੰਨੇ-ਮੁੰਨੇ ਬਾਲ ਕਲਾਕਾਰ ਨਾਜ਼ਦੀਪ ਕੌਰ, ਗੁਣਤਾਜ ਕੌਰ, ਖੁਸ਼ਲੀਨ ਸ਼ਰਮਾ, ਲਕਸ਼ਿਤਾ ਸ਼ਰਮਾ ਅਤੇ ਭਗਤ ਸਿੰਘ ਨੇ ਆਪਣੀਆਂ ਪੇਸ਼ਕਾਰੀਆਂ ਨਾਲ ਸਰੋਤਿਆਂ ਨੂੰ ਝੂਮਣ ਲਾ ਦਿੱਤਾ। ਮੰਚ ਦੇ ਜਨਰਲ ਸਕੱਤਰ ਗੁਰਜੰਟ ਬੀਂਬੜ ਨੇ ਇਸ ਸਮਾਗਮ ਮੌਕੇ ਦੱਸਿਆ ਕਿ ਮਾਰਚ ਮਹੀਨੇ ਵਿੱਚ ਸਾਹਿਤ ਸਿਰਜਣਾ ਮੰਚ ਭਵਾਨੀਗੜ੍ਹ ਵੱਲੋਂ ਆਪਣਾ ਸਲਾਨਾ ਸਮਾਗਮ ਕਰਵਾਇਆ ਜਾਵੇਗਾ ਜਿਸ ਵਿੱਚ ਪੰਜਾਬੀ ਦੀਆਂ ਨਵੀਆਂ ਛਪੀਆਂ ਕਿਤਾਬਾਂ ਵਿੱਚੋਂ ਕਵਿਤਾ, ਵਾਰਤਕ ਅਤੇ ਗਲਪ ਦੀਆਂ ਸਰਬੋਤਮ ਕਿਤਾਬਾਂ ਨੂੰ ਲੋਕ ਕਵੀ ਸੰਤ ਰਾਮ ਉਦਾਸੀ ਕਵਿਤਾ ਪੁਰਸਕਾਰ, ਪ੍ਰੋਫੈਸਰ ਅਨੂਪ ਸਿੰਘ ਵਿਰਕ ਵਾਰਤਕ ਪੁਰਸਕਾਰ ਅਤੇ ਕਈ ਹੋਰ ਪੁਰਸਕਾਰਾਂ ਨਾਲ਼ ਸਨਮਾਨਿਤ ਕੀਤਾ ਜਾਵੇਗਾ। ਅੰਤ ਵਿੱਚ ਸਾਹਿਤ ਸਿਰਜਣਾ ਮੰਚ ਭਵਾਨੀਗੜ੍ਹ ਦੇ ਪ੍ਰਧਾਨ ਕੁਲਵੰਤ ਖਨੌਰੀ ਨੇ ਸਮਾਗਮ ਵਿੱਚ ਪਹੁੰਚੇ ਸਾਹਿਤਕਾਰਾਂ, ਲੇਖਕਾਂ, ਬੁੱਧੀਜੀਵੀਆਂ, ਪਾਠਕਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

# ਸਾਡੇ ਇਲਾਕੇ ਦੇ ਉੱਘੇ ਪੱਤਰਕਾਰ ਮੇਜਰ ਸਿੰਘ ਮਟਰਾਂ ਵਾਲੇ ਸਾਹਿਤ ਸਭਾ ਤੇ ਲੇਖਕ ਵਾਰੇ ਕੀ ਕਹਿੰਦੇ ਹਨ

**ਭਵਾਨੀਗੜ੍ਹ (ਰਮੇਸ਼ਵਰ ਸਿੰਘ)** ਭਵਾਨੀਗੜ੍ਹ ਇਲਾਕੇ ਦੇ ਸਾਹਿਤਕ ਪ੍ਰੇਮੀਆਂ ਨੂੰ ਇੱਕ ਪਲੇਟਫਾਰਮ ਪ੍ਰਦਾਨ ਕਰਨ ਲਈ ਉਸਾਰੇ ਗਏ ਸਾਹਿਤ ਸਿਰਜਣਾ ਮੰਚ ਭਵਾਨੀਗੜ੍ਹ ਵੱਲੋਂ ਅੱਜ ਜਸਵਿੰਦਰ ਪੰਜਾਬੀ ਦੇ ਨਾਵਲਕਾਰ ਮੁਰਗਾਬੀਆਂ ਤੇ ਗੋਸ਼ਟੀ ਕਰਵਾਈ ਗਈ। ਇਸ ਮੌਕੇ ਵੱਖ ਵੱਖ ਸ਼ਹਿਰਾਂ ਅਤੇ ਇਲਾਕਿਆਂ ਵਿੱਚੋਂ ਨਾਮਵਰ ਸਾਹਿਤਕਾਰਾਂ ਸਮੇਤ ਇਸ ਖੇਤਰ ਵਿੱਚ ਨਵੇਂ ਪੁੰਗਰ ਰਹੇ ਨੌਜਵਾਨਾਂ ਅਤੇ ਨੰਨੇ ਬੱਚੇ ਵੀ ਸ਼ਾਮਲ ਹੋਏ।




ਮੈਨੂੰ ਨਿੱਜੀ ਤੌਰ ਤੇ ਉਸ ਸਮੇਂ ਹੋਰ ਵੀ ਖੁਸ਼ੀ ਹੋਈ ਜਦੋਂ ਨਾਵਲਕਾਰ ਜਸਵਿੰਦਰ ਪੰਜਾਬੀ ਨੇ ਮੇਰੇ ਕੋਲ ਆ ਕੇ ਕਿਹਾ ਕਿ ਉਹ 1985 ਵਿੱਚ ਆਈ ਟੀ ਆਈ ਸੁਨਾਮ ਵਿਖੇ ਟਰੈਕਟਰ ਮਕੈਨਿਕ ਦਾ ਕੋਰਸ ਕਰਦਾ ਸੀ। ਤੁਸੀਂ ਉਥੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਹੁੰਦੇ ਸੀ ਅਤੇ ਵਿਦਿਆਰਥੀ ਰੈਲੀਆਂ ਵਿੱਚ ਅਸੀਂ ਤੁਹਾਡੇ ਭਾਸ਼ਣ ਬਹੁਤ ਉਤਸੁਕਤਾ ਨਾਲ ਸੁਣਦੇ ਸੀ। 18 ਕੁ ਸਾਲ ਦੇ ਨਾਜ਼ੁਕ ਜਿਹੇ ਨੌਜਵਾਨ ਨੂੰ ਜਦੋਂ ਅੱਜ 40 ਸਾਲਾਂ ਬਾਅਦ ਇਕ ਨਾਵਲਕਾਰ ਦੇ ਤੌਰ ਤੇ ਮਿਲਿਆ ਤਾਂ ਮਨ ਬਹੁਤ ਖੁਸ਼ ਹੋਇਆ।

# ਮਹਾਨ ਲੇਖਕ ਮਾਲਵਿੰਦਰ ਸਿੰਘ ਜੀ ਨੇ ਆਪਣੇ ਵਿਆਹ ਦੀ ਵਰੇਗੰਢ ਖੂਨ ਦਾਨ ਕਰਕੇ ਮਨਾਈ



ਲੇਖਕ ਮਾਲਵਿੰਦਰ ਸਿੰਘ







ਲੋਕਾਂ ਨੂੰ ਸਿਹਤ ਸੰਭਾਲ ਲਈ ਆਪਣੇ ਵਿਚਾਰ ਦੱਸਦੇ ਹੋਏ ਸਰਦਾਰ ਮਾਲਵਿੰਦਰ ਸਿੰਘ ਜੀ।

ਅਸੀਂ ਸਾਰੇ ਜਾਣਦੇ ਹਾਂ ਜਿਵੇਂ ਜਿਵੇਂ ਜ਼ਮਾਨਾ ਅੱਗੇ ਵੱਧਦਾ ਜਾ ਰਿਹਾ ਹੈ ਲੋਕਾਂ ਦੇ ਰਸਮੋ ਰਿਵਾਜ ਵੀ ਬਹੁਤ ਅੱਗੇ ਵਧਦੇ ਜਾ ਰਹੇ ਹਨ ਕਿਸੇ ਦਾ ਜਨਮ ਦਿਨ ਹੋਵੇ ਕਿਸੇ ਦੇ ਮੁਕਲਾਵੇ ਦਾ ਮੰਗਣੇ ਦਾ ਜਾਂ ਜਿਸ ਦਿਨ ਉਸਨੇ ਆਪਣੀ ਘਰਵਾਲੀ ਪਸੰਦ ਕੀਤੀ ਸੀ ਬਿਨਾਂ ਮਤਲਬ ਅਜਿਹੇ ਦਿਨਾਂ ਨੂੰ ਮਨੋਰੰਜਨ ਦਾ ਦਿਨ ਮਨਾ ਕੇ ਬੇਮਤਲਬ ਪੈਸਾ ਖਰਚ ਕਰਦੇ ਹਨ ਤੇ ਲੋਕਾਂ ਨੂੰ ਪਾਰਟੀ ਵਿੱਚ ਬੁਲਾਉਂਦੇ ਹਨ ਜੇ ਦੇਖਿਆ ਜਾਵੇ ਕਿਸੇ ਖ਼ਾਸ ਦਿਨ ਨਾਲ ਇਸ ਦਾ ਕੋਈ ਸਬੰਧ ਨਹੀਂ ਹੁੰਦਾ ਆਪਣੀ ਮਹਾਨਤਾ ਦਿਖਾਉਣ ਲਈ ਬੇ ਮਤਲਬ ਆਪਣਾ ਪੈਸਾ ਖਰਚ ਕਰਦੇ ਹਨ। ਪਰ ਚੰਗੇ ਰਸਮੋ ਰਿਵਾਜ਼ ਖਤਮ ਨਹੀਂ ਹੁੰਦੇ ਤਰੀਕੇ ਬਦਲਦੇ ਰਹਿੰਦੇ ਹਨ ਪਰ ਉਹ ਲੜੀ ਜ਼ਾਰੀ ਰਹਿੰਦੀ ਹੈ ਇਸੇ ਅਧੀਨ ਅੱਜ ਵੇਖਿਆ ਬਠਿੰਡਾ ਦੇ ਮਹਾਨ ਲੇਖਕ ਸਰਦਾਰ ਮਾਲਵਿੰਦਰ ਸਿੰਘ ਜੀ ਨੇ ਆਪਣੇ ਵਿਆਹ ਦੀ ਵਰ੍ਹੇਗੰਢ ਖੂਨ ਦਾਨ ਕਰਕੇ ਮਨਾਈ ਕੋਈ ਪਾਰਟੀ ਕੋਈ ਇਕੱਠ ਕੁਝ ਵੀ ਨਹੀਂ ਕੀਤਾ ਤੇ ਅੱਗੇ ਸੋਚ ਰਹੇ ਹਨ ਕਿ ਮੈਂ ਆਪਣੇ ਜਨਮਦਿਨ ਨੂੰ ਗਰੀਬ ਬੱਚਿਆਂ ਨੂੰ ਜ਼ਰੂਰਤ ਦੀਆਂ ਚੀਜ਼ਾਂ ਖਰੀਦ ਕੇ ਦੇਵਾਂਗਾ ਜਿਸ ਦੀ ਫੀਸ ਨਾ ਭਰੀ ਜਾਂਦੀ ਹੋਵੇ ਕਿਤਾਬਾਂ ਨਾ ਖਰੀਦ ਸਕਦਾ ਹੋਵੇ ਮੈਂ ਖੁੱਲੇ ਦਿਲ ਨਾਲ ਪੂਰਨ ਰੂਪ ਵਿੱਚ ਖਰਚ ਕਰਾਂਗਾ ਅਸੀਂ ਅਜਿਹੇ ਉੱਚੀ ਸੋਚ ਵਾਲੇ ਲੇਖਕ ਮਾਲਵਿੰਦਰ ਸਿੰਘ ਨੂੰ ਵਿਆਹ ਦੀ ਵਰ੍ਹੇਗੰਢ ਦੀ ਲੱਖ ਲੱਖ ਵਧਾਈਆਂ ਦਿੰਦੇ ਹਾਂ ਤੇ ਆਸ ਕਰਦੇ ਹਾਂ ਕਿ ਅਜਿਹੇ ਮਹਾਨ ਵਿਅਕਤੀ ਤੋਂ ਫਜ਼ੂਲ ਖਰਚੀ ਕਰਨ ਵਾਲੇ ਲੋਕ ਸਿੱਖ ਲੈਣ ਕਿ ਆਪਣੇ ਸ਼ੁਭ ਦਿਨ ਨੂੰ ਕਿਸ ਤਰ੍ਹਾਂ ਮਨਾਉਣਾ ਹੈ।

**ਰਮੇਸ਼ਵਰ ਸਿੰਘ**

# ਇਹ ਹੁੱਜਾਂ ਤਾਂ ਨਹੀਂ ਨਾ?

ਤੁਸੀਂ ਸੋਚੋਗੇ ਕਿ ਇਹ ਬੰਦਾ ਜਾਂ ਤਾਂ ਸੁਰਖੀਆਂ 'ਚ ਆਉਣ ਲਈ ਇਹ ਪ੍ਰਾਪੇਗੰਡੇ ਕਰਦਾ ਜਾਂ ਆਵਦੇ ਨਾਵਲਾਂ ਦੇ ਪ੍ਰਚਾਰ ਲਈ ਇਹੋ ਜਿਹੀਆਂ ਗੱਲਾਂ ਕਰਦਾ ਤੇ ਜਾਂ ਫੇਰ ਖੜ੍ਹੇ ਪਾਣੀਆਂ 'ਚ ਵੱਟੇ ਮਾਰਦਾ।

ਮੈਨੂੰ ਫਾਲੋ ਕਰਨ ਵਾਲੇ ਜਾਣਦੇ ਹੋਣੇ ਕਿ ਪਿਛਲੇ ਸਾਲ ਦੀਆਂ ਗਰਮੀਆਂ ਵੇਲੇ ਮੈਨੂੰ ਕੁਝ ਲੇਖਕਾਂ ਨੇ, ਆਪਣੇ ਸਾਹਿਤਿਕ ਪ੍ਰੋਗਰਾਮਾਂ ਵਿੱਚ ਨਾ ਸੱਦਣ ਲਈ ਗੁਪਤ ਮਤਾ ਪਾਇਆ ਸੀ। ਕਾਰਨ? ਨਾਵਲ 'ਮੁਰਗਾਬੀਆਂ' 'ਚ ਸਾਰੇ ਛੱਪੜ ਨੂੰ ਗੰਦਾ ਕਰਨ ਵਾਲ਼ੀਆਂ ਕੁਝ ਕੁ ਮੱਛੀਆਂ ਦੀ ਅਸਲੀਅਤ ਦੱਸੀ। ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ ਗੱਲ "ਕੁੱਝ" ਕੁ ਦੀ ਕੀਤੀ ਤੇ ਮੇਰੇ ਵਿਰੋਧ 'ਚ ਭੁਗਤਣ ਵਾਲਿਆਂ ਦੀ ਪ੍ਰਤੀਸ਼ਤਤਾ ਬੜੀ ਵਧ ਗਈ। ਇਸ ਤੋਂ ਕੀ ਅੰਦਾਜ਼ਾ ਲਗਾਇਆ ਜਾ ਸਕਦੈ, ਹਰ ਸਮਝਦਾਰ ਬੰਦਾ ਸਮਝ ਸਕਦੈ।

ਖ਼ੈਰ, ਉਸ ਗੁਪਤ ਮਤੇ ਦੇ ਤੀਸਰੇ ਈ ਦਿਨ, ਮੈਨੂੰ ਸਾਹਿਤਿਕ ਮੰਚ ਹਰਫਾਂ ਦੀ ਲੋਅ ਵਾਲਿਆਂ ਨੇ ਫੂਲ (ਰਾਮਪੁਰਾ) ਸਟੇਜ 'ਤੇ ਮੁੱਖ ਮਹਿਮਾਨਾਂ ਵਿੱਚ ਬਹਾ ਦਿੱਤਾ।

ਅਸਿੱਧੇ ਰੂਪ ਵਿੱਚ ਕੁੱਝ ਲੇਖਕ ਲਾਣੇ ਵੱਲੋਂ ਸੰਤਾਂ ਦਾ ਅਸਿੱਧਾ ਬਾਈਕਾਟ ਅਜੇ ਵੀ ਬਰਕਰਾਰ ਹੈ। ਅੱਜ ਸਾਹਿਤਿਕ ਸਿਰਜਣਾ ਮੰਚ ਭਵਾਨੀਗੜ੍ਹ ਵਾਲਿਆਂ ਮੇਰੇ ਦੋਵਾਂ ਨਾਵਲਾਂ, ਮੁਰਗਾਬੀਆਂ-1/2 'ਤੇ ਚਰਚਾ ਰੱਖੀ ਸੀ। ਮੰਚ ਦੇ ਪ੍ਰਧਾਨ ਸ੍ਰ ਕੁਲਵੰਤ ਖਨੌਰੀ ਹੁਰਾਂ ਨਾਵਲਾਂ 'ਤੇ ਮੋਟਾ-ਮੋਟਾ ਚਾਨਣਾ ਪਾਇਆ। ਫੇਰ ਮੈਨੂੰ ਆਪਦੇ ਨਾਵਲਾਂ ਬਾਰੇ ਬੋਲਣ ਲਈ ਕਿਹਾ। ਇਸ ਤੋਂ ਬਾਅਦ ਸਾਹਿਤ ਸਭਾ ਧੂਰੀ ਦੇ ਪ੍ਰਧਾਨ ਸ੍ਰੀ ਮੂਲ ਚੰਦ ਸ਼ਰਮਾ ਨੇ ਦੋਵਾਂ ਨਾਵਲਾਂ ਦਾ ਵਧੀਆ "ਪੋਸਟ ਮਾਰਟਮ" ਕੀਤਾ।

ਏਡਾ ਵੱਡਾ ਲੇਖ ਲਿਖਣ ਦਾ ਮੇਰਾ ਮਕਸਦ ਇਹ ਹੈ ਕਿ ਨਵੇਂ ਲੇਖਕ ਜੋ ਵਧੀਆ ਲਿਖਦੇ ਨੇ, ਲਿਖਣ। ਕਿਸੇ "ਵੱਡੇ ਲੇਖਕ" ਤੋਂ ਤਸਦੀਕ ਜਾਂ ਸਰਟੀਫਿਕੇਟ ਲੈਣ ਦੀ ਲੋੜ ਨਹੀਂ। ਐਵੇਂ ਨਾ ਪੂਛਾਂ ਚੁੱਕੀਂ ਕਿਸੇ ਦੀਆਂ ਮਿੰਨਤਾਂ ਕਰੋ। ਥੋੜੀ ਲਿਖਤ ਜੇ ਆਮ ਪਾਠਕ ਨੂੰ ਪ੍ਰਵਾਨ ਹੈ ਤਾਂ ਤੁਸੀਂ ਸੌ ਵਟਾ ਸੌ ਹੋ।

ਇੱਕ ਵਾਰ ਫਿਰ ਤੋਂ ਧੰਨਵਾਦ ਸਾਹਿਤਿਕ ਸਿਰਜਣਾ ਮੰਚ ਭਵਾਨੀਗੜ੍ਹ (ਸੰਗਰੂਰ)।

**ਜਸਵਿੰਦਰ ਪੰਜਾਬੀ**

# ਸੁਫਨਾ

ਸੁਫ਼ਨਿਆਂ ਦਾ ਵੀ ਇੱਕ ਅਲੱਗ ਹੀ ਸੰਸਾਰ ਏ। ਬੜਾ ਵਚਿੱਤਰ ਤੇ ਅਨੋਖਾ। ਜ਼ਿਆਦਾਤਰ ਸੁਫ਼ਨੇ ਤਾਂ ਸਵੇਰੇ ਅੱਖ ਖੁੱਲਣ ਸਾਰ ਭੁੱਲ ਜਾਂਦੇ ਨੇ ਪਰ ਕਈ ਚੇਤੇ ਵੀ ਰਹਿ ਜਾਂਦੇ ਨੇ। ਬਾਕੀਆਂ ਦਾ ਤੇ ਪਤਾ ਨੀ ਪਰ ਮੈਨੂੰ ਕੋਈ ਵਿਰਲਾ ਹੀ ਸੁਫਨਾ ਯਾਦ ਰਹਿੰਦਾ ਹੈ। ਰਾਤ ਦੀ ਗੱਲ ਕਰਾਂ ਤਾਂ ਐਸਾ ਚੰਦਰਾ ਸੁਫਨਾ ਆਇਆ ਕਿ ਸਾਰੀ ਰਾਤ ਹੀ ਗਧੀ ਗੇੜ 'ਚ ਪਾਈ ਰੱਖਿਆ। ਹੋਇਆ ਕੀ ਏਅਰਪੋਰਟ ਤੇ ਮੇਰਾ ਲੱਗੇਜ (ਅਟੈਚੀ) ਗੁਆਚ ਗਿਆ। ਗੁਆਚ ਵੀ ਕੀ ਗਿਆ ਚੋਰੀ ਈ ਹੋ ਗਿਆ। ਪਹਿਲਾਂ ਤਾਂ ਇਹੀ ਛਾਣ-ਬੀਣ ਹੁੰਦੀ ਰਹੀ ਕਿ ਕੋਈ ਭੁਲੇਖੇ ਨਾਲ ਲੈ ਗਿਆ ਏ ਪਰ ਜੇ ਇਹ ਗੱਲ ਹੁੰਦੀ ਤਾਂ ਉਹਦੇ ਨਾਲ ਦਾ ਦੂਜਾ ਪੀਸ ਉੱਥੇ ਮੌਜੂਦ ਹੋਣਾ ਚਾਹੀਦਾ ਸੀ ਜੋ ਕਿ ਹੈ ਨੀ ਸੀ। ਉਸ ਤੋਂ ਬਾਅਦ ਫਲਾਈਟ ਅਟੈਂਡੈਂਟ ਨੂੰ ਲੱਭਦੇ ਰਹੇ। ਉਹ ਨਾ ਲੱਭਣ 'ਚ ਆਵੇ। ਉੱਤੋਂ ਬੋਲੀ ਦੀ ਸਮੱਸਿਆ। ਹਾਰ ਕੇ ਇੱਕ ਕਮਰਾ ਜਿਹਾ ਲੱਭਿਆ ਤਾਂ ਉੱਥੇ ਪਾਇਲਟ ਸ਼ਰਾਬੀ ਹੋਏ ਲੇਟੇ ਪਏ। ਚੰਗੀ ਕਿਸਮਤ ਉਹ ਪੰਜਾਬੀ ਬੋਲਣ ਪਰ ਫਾਇਦਾ ਕੋਈ ਨੀ ਹੋਇਆ। ਪਤੰਦਰਾਂ ਨੇ ਸਿੱਧਾ ਈ ਕਹਿ ਤਾ ਹੁਣ ਨੀ ਮਿਲਣਾ। ਓਦੋਂ ਈ ਘਬਰਾ ਕੇ ਜਾਗ ਆ ਗਈ। ਸ਼ੁਕਰ ਮਨਾਇਆ ਮਨਾ ਸੁਫਨਾ ਈ ਸੀ। ਇੱਕ ਵਜੇ ਦਾ ਸਮਾਂ ਸੀ, ਮੁੜ ਕੇ ਤਿੰਨ ਸਾਢੇ ਕੁ ਤਿੰਨ ਵਜੇ ਜਾ ਕੇ ਨੀਂਦ ਆਈ। ਦੱਸੋ ਬੰਦਾ ਕੀ ਕਰੇ।

ਤੁਹਾਨੂੰ ਕੋਈ ਇਹੋ ਜਿਹਾ ਖੂਨ ਪੀਣਾ ਸੁਫਨਾ ਆਇਆ ਹੋਵੇ ਤਾਂ ਜ਼ਰੂਰ ਸਾਂਝ ਪਾਇਓ।



**ਗੁਰਜਿੰਦਰ ਸਿੰਘ ਸਾਹਦੜਾ**

# ਮਿਲਾਨੋ-ਕੋਰਟੀਨਾ ਓਲੰਪਿਕਸ: ਕਨੇਡਾ ਦੀ ਵੈਲੇਰੀ ਮਾਲਟੇਸ ਨੇ ਜਿੱਤਿਆ ਕਾਂਸੀ ਦਾ ਤਮਗਾ

**ਵੈਨਕੂਵਰ, (ਮਲਕੀਤ ਸਿੰਘ)** - ਇਟਲੀ ਵਿੱਚ ਹੋ ਰਹੇ ਮਿਲਾਨੋ-ਕੋਰਟੀਨਾ ਓਲੰਪਿਕਸ ਵਿੱਚ ਕੈਨੇਡਾ ਦੀ ਸਪੀਡ ਸਕੇਟਰ ਵੈਲੇਰੀ ਮਾਲਟੇਸ ਨੇ ਮਹਿਲਾਵਾਂ ਦੀ 3000 ਮੀਟਰ ਦੌੜ ਵਿੱਚ ਕਾਂਸੀ ਦਾ ਤਮਗਾ ਜਿੱਤ ਕੇ ਦੇਸ਼ ਲਈ ਪਹਿਲਾ ਤਮਗਾ ਆਪਣੇ ਨਾਮ ਕੀਤਾ ਹੈ। ਇਹ ਮੁਕਾਬਲਾ ਕੈਨੇਡਾ ਲਈ ਕਾਫ਼ੀ ਮਹੱਤਵਪੂਰਨ ਰਿਹਾ, ਕਿਉਂਕਿ ਇਸ ਤਮਗੇ ਨਾਲ ਟੀਮ ਕੈਨੇਡਾ ਨੇ ਮੁਕਾਬਲਿਆਂ ਦੀ ਸ਼ੁਰੂਆਤ ਸ਼ਾਨਦਾਰ ਢੰਗ ਨਾਲ ਹੋਣੀ ਅਨੁਮਾਨੀ ਜਾ ਰਹੀ ਹੈ। ਇਸ ਦੌੜ ਵਿੱਚ ਉਸ ਦੀ ਸਾਥੀ ਖਿਡਾਰਨ ਇਸਾਬੇਲ ਵਾਈਡਮੈਨ ਪੰਜਵੇਂ ਅਤੇ ਲੌਰਾ ਹਾਲ 13 ਵੇ ਸਥਾਨ 'ਤੇ ਰਹੀ।



ਮਿਲਾਨੋ-ਕੋਰਟੀਨਾ ਸਰਦੀਨ ਓਲੰਪਿਕਸ ਵਿੱਚ ਕਾਂਸੀ ਦਾ ਤਗਮਾ ਜਿੱਤਣ ਤੋਂ ਬਾਅਦ ਕੈਨੇਡਾ ਦੀ ਸਪੀਡ ਸਕੇਟਰ ਵੈਲੇਰੀ ਮਾਲਟੇਸ।

ਰਿਪੋਰਟਾਂ ਮੁਤਾਬਕ, ਵੈਲੇਰੀ ਮਾਲਟੇਸ ਲਈ ਇਹ ਉਸਦਾ ਪੰਜਵਾਂ ਸਰਦੀਨ ਓਲੰਪਿਕਸ ਸੀ ਅਤੇ ਇਸ ਦੌਰਾਨ ਉਸਨੇ ਆਪਣਾ ਪਹਿਲਾ ਵਿਅਕਤੀਗਤ ਤਗਮਾ ਜਿੱਤ ਕੇ ਨਵਾਂ ਇਤਿਹਾਸ ਰਚਿਆ ਹੈ। ਉਸਦੀ ਇਸ ਪ੍ਰਾਪਤੀ ਨਾਲ ਕੈਨੇਡਾ ਦੇ ਖੇਡ ਪ੍ਰੇਮੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਕੈਨੇਡੀਅਨ ਖੇਡ ਅਧਿਕਾਰੀਆਂ ਅਤੇ ਕੋਚਿੰਗ ਸਟਾਫ ਨੇ ਮਾਲਟੇਸ ਦੀ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਸਦੀ ਮਿਹਨਤ, ਅਨੁਸ਼ਾਸਨ ਅਤੇ ਤਜਰਬੇ ਨੇ ਇਸ ਸਫਲਤਾ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਅਤੇ ਉਸ ਵੱਲੋਂ ਭਵਿੱਖ ਵਿੱਚ ਹੋਰ ਵੀ ਵਧੀਆ ਪ੍ਰਦਰਸ਼ਨ ਕਰਨ ਦੀ ਆਸ ਜਤਾਈ ਹੈ।

# ਅਦਾਲਤ ਵੱਲੋਂ ਨਕਲੀ 'ਨਰਸ' ਨੂੰ 18 ਮਹੀਨੇ ਕੈਦ ਦੀ ਸਜ਼ਾ

**ਵੈਨਕੂਵਰ, (ਮਲਕੀਤ ਸਿੰਘ)** - ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਆਈਲੈਂਡ ਵਿੱਚ ਨਕਲੀ ਨਰਸ ਬਣ ਕੇ ਕੰਮ ਕਰਨ ਵਾਲੀ ਇੱਕ ਔਰਤ ਨੂੰ ਮਾਨਯੋਗ ਅਦਾਲਤ ਵੱਲੋਂ ਧੋਖਾਧੜੀ ਅਤੇ ਝੂਠੀ ਸ਼ਨਾਖਤ ਦੇ ਦੋਸ਼ਾਂ ਹੇਠ 18 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ ਦੋਸ਼ੀ ਔਰਤ ਨੇ ਆਪਣੇ ਆਪ ਨੂੰ ਰਜਿਸਟਰਡ ਨਰਸ ਦੱਸ ਕੇ ਕਈ ਸਿਹਤ ਸੰਸਥਾਵਾਂ ਵਿੱਚ ਨੌਕਰੀ ਕੀਤੀ ਅਤੇ ਮਰੀਜ਼ਾਂ ਨਾਲ ਸਿੱਧਾ ਸੰਪਰਕ ਬਣਾਇਆ। ਜਾਂਚ ਦੌਰਾਨ ਸਾਹਮਣੇ ਆਇਆ ਕਿ ਉਹ ਕਦੇ ਵੀ ਬ੍ਰਿਟਿਸ਼ ਕੋਲੰਬੀਆ ਵਿੱਚ ਕਾਨੂੰਨੀ ਤੌਰ 'ਤੇ ਨਰਸ ਵਜੋਂ ਰਜਿਸਟਰਡ ਹੋਈ ਹੀ ਨਹੀਂ ਸੀ। ਅਦਾਲਤ ਵਿੱਚ ਸੁਣਵਾਈ ਦੌਰਾਨ ਉਸਨੇ ਆਪਣੇ ਅਪਰਾਧ ਕਬੂਲ ਕਰ ਲਏ, ਜਿਸ ਤੋਂ ਬਾਅਦ ਜੱਜ ਵੱਲੋਂ ਉਸ ਨੂੰ ਸਜ਼ਾ ਦੇ ਤੌਰ 'ਤੇ 18 ਮਹੀਨੇ ਦੀ ਕੈਦ ਸੁਣਾਈ ਗਈ।

ਅਦਾਲਤ ਨੇ ਕਿਹਾ ਕਿ ਇਸ ਤਰ੍ਹਾਂ ਦੀ ਧੋਖਾਧੜੀ ਨਾਲ ਲੋਕਾਂ ਦੀ ਜ਼ਿੰਦਗੀ ਨੂੰ ਗੰਭੀਰ ਖ਼ਤਰਾ ਪੈਦਾ ਹੋ ਸਕਦਾ ਹੈ ਅਤੇ ਇਹ ਸਿਹਤ ਪ੍ਰਣਾਲੀ 'ਤੇ ਲੋਕਾਂ ਦੇ ਭਰੋਸੇ ਨੂੰ ਨੁਕਸਾਨ ਪਹੁੰਚਾਉਂਦੀ ਹੈ। ਸਿਹਤ ਅਧਿਕਾਰੀਆਂ ਨੇ ਇਸ ਮਾਮਲੇ ਤੋਂ ਬਾਅਦ ਨਿਯੁਕਤੀਆਂ ਅਤੇ ਦਸਤਾਵੇਜ਼ਾਂ ਦੀ ਜਾਂਚ ਪ੍ਰਕਿਰਿਆ ਨੂੰ ਹੋਰ ਮਜ਼ਬੂਤ ਬਣਾਉਣ ਦੀ ਗੱਲ ਕਹੀ ਹੈ, ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦੀ ਘਟਨਾ ਨਾ ਵਾਪਰ ਸਕੇ।

# ਬੋਧੀਸਤਵ ਬਾਬਾ ਸਾਹਿਬ ਅੰਬੇਡਕਰ ਐਜੂਕੇਸ਼ਨ ਸੁਸਾਇਟੀ (ਰਜਿ.) ਜਲੰਧਰ ਦੀ ਵਿਸ਼ੇਸ਼ ਮੀਟਿੰਗ ਹੋਈ











**ਸਮਾਜ ਵੀਕਲੀ ਯੂ ਕੇ**

**ਨਕੋਦਰ–** ਮਿਤੀ 7/2/ 2026 ਵਾਲੇ ਦਿਨ ਬੋਧੀਸਤਵ ਬਾਬਾ ਸਾਹਿਬ ਅੰਬੇਡਕਰ ਐਜੂਕੇਸ਼ਨ ਸੁਸਾਇਟੀ (ਰਜਿ.) ਜਲੰਧਰ ਵੱਲੋਂ ਆਈ ਟੀਮ ਨੇ ਰੋਸ਼ਨ ਮੋਟਰ ਗੈਰਜ ਨਕੋਦਰ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕੀਤੀ। ਇਸ ਮੀਟਿੰਗ ਦੀ ਪ੍ਰਧਾਨਗੀ ਬੋਧੀਸਤਵ ਡਾਕਟਰ ਅੰਬੇਡਕਰ ਐਜੂਕੇਸ਼ਨ ਸੁਸਾਇਟੀ ਦੇ ਚੇਅਰਮੈਨ ਸ਼੍ਰੀ ਸੋਹਣ ਲਾਲ ਗਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ ਅਤੇ ਨਕੋਦਰ ਵਿਖੇ ਸੁਸਾਇਟੀ ਦੇ ਅਧੀਨ ਨਵੇਂ ਸਕੂਲ ਦੀ ਸ਼ੁਰੂਆਤ ਜੋ ਮੁਹੱਲਾ ਡਾਕਟਰ ਅੰਬੇਡਕਰ ਨਗਰ (ਨਵੀਂ ਆਬਾਦੀ) ਵਿਖੇ ਬਣ ਰਿਹਾ ਹੈ, ਲਈ ਜਰੂਰੀ ਨੁਕਤਿਆਂ ਨੂੰ ਵਿਚਾਰਨ ਲਈ ਬਹੁਤ ਸਾਰੇ ਮੈਂਬਰਾਂ ਨੇ ਹਿੱਸਾ ਲਿਆ।

ਇੰਜੀਨੀਅਰ ਜਸਵੰਤ ਰਾਏ ਜੀ ਨੇ ਵਿਸਥਾਰ ਪੂਰਵਕ ਆਪਣੀ ਗੱਲ ਰੱਖਦੇ ਹੋਏ ਸਾਰੇ ਸਵਾਲਾਂ ਦੇ ਜਵਾਬ ਤਸੱਲੀ ਬਖਸ਼ ਦਿੱਤੇ ਅਤੇ ਆਏ ਹੋਏ ਸਾਥੀਆਂ ਨੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੀਟਿੰਗ ਵਿਸ਼ੇਸ਼ ਤੌਰ ਤੇ ਪਹੁੰਚੇ ਸ਼੍ਰੀ ਸੋਹਨ ਲਾਲ ਗਿੰਡਾ ਚੇਅਰਮੈਨ ਬੋਧੀਸਤਵ ਬਾਬਾ ਸਾਹਿਬ ਡਾਕਟਰ ਅੰਬੇਡਕਰ ਐਜੂਕੇਸ਼ਨ ਸੋਸਾਇਟੀ ਜਲੰਧਰ, ਇੰਜਨੀਅਰ ਜਸਵੰਤ ਰਾਏ (ਜਨਰਲ ਸਕੱਤਰ) ਸ਼੍ਰੀ ਹੁਸਨ ਲਾਲ ਮੈਂਬਰ, ਸ਼੍ਰੀਮਤੀ ਚੰਚਲ ਬੌਧ (ਪ੍ਰਿੰਸੀਪਲ ਬੋਧੀਸਤਵ ਡਾਕਟਰ ਅੰਬੇਡਕਰ ਸਕੂਲ ਫੂਲ ਪੁਰ ਧਨਾਲ) ਸੁਖਦੇਵ ਮਨੀ, ਸੁਰਿੰਦਰ ਕੁਮਾਰ, ਰਕੇਸ਼ ਕੁਮਾਰ, ਪਰਸ਼ੋਤਮ ਲਾਲ ਚੰਦਰ, ਤੀਰਥ ਰਾਮ, ਕ੍ਰਿਸ਼ਨ ਜੀ, ਸ਼੍ਰੀ ਜੁਗਲ ਕਿਸ਼ੋਰ ਜੀ (ਝਓ) ਸ਼੍ਰੀ ਰੋਸ਼ਨ ਲਾਲ, ਸਾਥੀਵ ਨੇ ਹਿੱਸਾ ਲਿਆ। ਇਸ ਦੇ ਨਾਲ ਹੀ ਸਕੂਲ ਦੀ ਜਗ੍ਹਾ ਤੇ ਹੋ ਰਹੇ ਕੰਮ ਦਾ ਵੀ ਜਾਇਜਾ ਲਿਆ।

# ਘੱਟ ਬਰਫ ਪੈਣ ਕਾਰਨ ਬਰਫ਼ੀਲੇ ਮੁਕਾਬਲੇ ਪ੍ਰਭਾਵਿਤ

**ਵੈਨਕੂਵਰ, (ਮਲਕੀਤ ਸਿੰਘ)** – ਖੂਬਸੂਰਤ ਪਹਾੜਾਂ ਤੇ ਜੰਗਲਾਂ ਦੀ ਕੁਦਰਤੀ ਖੂਬਸੂਰਤੀ ਨਾਲ ਭਰਪੂਰ ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਇਸ ਵਾਰ ਸਰਦੀ ਦੇ ਮੌਸਮ ਦੌਰਾਨ ਅਸਧਾਰਣ ਗਰਮੀ ਕਾਰਨ ਬਰਫ਼ੀਲੇ ਮੁਕਾਬਲਿਆਂ ਦੇ ਆਯੋਜਕਾਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਈਸਮੈਨ ਦੌੜਾਂ ਅਤੇ ਬਰਫ਼ ’ਤੇ ਮੱਛੀ ਫੜਨ ਵਾਲੇ ਮੁਕ-ਾਬਲੇ ਇਸ ਵਾਰ ਬਰਫ਼ ਦੀ ਕਮੀ ਕਾਰਨ ਪ੍ਰਭਾਵਿਤ ਹੋ ਰਹੇ ਹਨ।

ਆਯੋਜਕਾਂ ਅਨੁਸਾਰ ਫਰਵਰੀ ਮਹੀਨੇ ਵਿੱਚ ਆਮ ਤੌਰ ’ਤੇ ਕੜਾਕੇ ਦੀ ਠੰਡ ਅਤੇ ਮੋਟੀ ਬਰਫ਼ ਹੁੰਦੀ ਹੈ, ਪਰ ਐਤਕੀ ਮੌਸਮ ਦੇ ਬਦਲਦੇ ਮਿਜਾਜ ਕਾਰਨ ਬਰਫ਼ ਤੇਜ਼ੀ ਨਾਲ ਪਿਘਲ ਰਹੀ ਹੈ ਇਸ ਕਾਰਨ ਕਈ ਝੀਲਾਂ ਅਤੇ ਦਰਿਆਵਾਂ ’ਤੇ ਮੁਕਾਬਲੇ ਕਰਵਾਉਣਾ ਖਤਰਨਾਕ ਹੋ ਸਕਦਾ ਹੈ ਆਯੋਜਕਾਂ ਅਨੁਸਾਰ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਕਈ ਮੁਕਾਬਲੇ ਰੱਦ ਕਰਨੇ ਪਏ ਹਨ, ਜਦਕਿ ਕੁਝ ਮੁਕਾਬਲਿਆਂ ਨੂੰ ਹੋਰ ਥਾਵਾਂ ’ਤੇ ਤਬਦੀਲ ਕੀਤਾ ਗਿਆ ਹੈ। ਕਈ ਥਾਵਾਂ ’ਤੇ ਬਿਨਾਂ ਬਰਫ਼ ਦੇ ਹੀ ਪ੍ਰਤੀਕਾਤਮਕ ਤੌਰ ’ਤੇ ਮੁਕਾਬਲੇ ਕਰਵਾਏ ਗਏ।

ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਗਰਮੀ ਮੌਸਮੀ ਤਬਦੀਲੀ ਦਾ ਨਤੀਜਾ ਹੈ, ਜਿਸ ਕਾਰਨ ਭਵਿੱਖ ਵਿੱਚ ਵੀ ਸਰਦੀਆਂ ਦੌਰਾਨ ਇਸ ਤਰ੍ਹਾਂ ਦੀਆਂ ਸਥਿਤੀਆਂ ਵੱਧ ਸਕਦੀਆਂ ਹਨ। ਇਸ ਨਾਲ ਸਿਰਫ਼ ਖੇਡਾਂ ਹੀ ਨਹੀਂ, ਸਗੋਂ ਸੈਰ-ਸਪਾਟੇ ਅਤੇ ਸਥਾਨਕ ਅਰਥਵਿਵਸਥਾ ’ਤੇ ਵੀ ਅਸਰ ਪੈ ਸਕਦਾ ਹੈ।

ਆਯੋਜਕਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਉਹ ਨਵੇਂ ਤਰੀਕੇ ਅਪਣਾਉਣਗੇ ਤਾਂ ਜੋ ਮੌਸਮੀ ਬਦਲਾਅ ਦੇ ਬਾਵਜੂਦ ਇਹ ਦਿਲਚਸਪ ਮੁਕਾਬਲੇ ਕਰਵਾਏ ਜਾਂਦੇ ਰਹਿਣ।

# ਮਸ਼ਹੂਰ ਪੰਜਾਬੀ ਗੀਤਕਾਰ 'ਚੰਨ ਜੰਡਿਆਲਵੀ' ਨੂੰ ਲਾਈਫਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕੀਤਾ








**ਸਮਾਜ ਵੀਕਲੀ ਯੂ ਕੇ**

ਵਿਸ਼ਵ ਪ੍ਰਸਿੱਧ ਪੰਜਾਬੀ ਗੀਤਕਾਰ ਤਰਲੋਚਨ ਸਿੰਘ ਚੰਨ ਜੰਡਿਆਲਵੀ ਨੂੰ 1995 ਵਿੱਚ ਬਣੀ ਸਵੈ-ਇੱਛੁਕ ਸੰਸਥਾ ਪੰਜਾਬੀ ਲਿਸਨਰਸ ਕਲੱਬ ਦੁਆਰਾ ਸ਼ੁੱਕਰਵਾਰ 6 ਫਰਵਰੀ 2026 ਨੂੰ ਵੂਲਵਰਹੈਂਪਟਨ ਵਿੱਚ ਲਾਈਫਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

'ਚੰਨ ਜੰਡਿਆਲਵੀ' ਪੰਜਾਬ ਦੇ ਦੁਆਬਾ ਖੇਤਰ ਦੇ ਜ਼ਿਲ੍ਹਾ ਜਲੰਧਰ ਦੇ ਮਸ਼ਹੂਰ ਪਿੰਡ ਜੰਡਿਆਲਾ ਤੋਂ ਹੈ। ਜੋ 1968 ਵਿੱਚ ਯੂਨਾਈਟਿਡ ਕਿੰਗਡਮ ਆਇਆ ਸੀ। ਉਸਨੇ ਆਪਣੀ ਪਿਆਰੀ ਪੰਜਾਬੀ ਭਾਸ਼ਾ ਵਿੱਚ 23 ਕਿਤਾਬਾਂ ਲਿਖੀਆਂ ਹਨ। ਉਹ ਪੂਰਬੀ ਅਤੇ ਪੱਛਮੀ ਮਿਡਲੈਂਡਜ਼, ਆਲੇ ਦੁਆਲੇ ਦੇ ਖੇਤਰਾਂ ਵਿੱਚ ਕਵੀ ਦਰਬਾਰ ਅਤੇ ਅਕਾਲ ਟੀਵੀ, ਸੰਗਤ ਟੀਵੀ ਅਤੇ ਸਿੱਖ ਚੈਨਲ ਵਰਗੇ ਸਿੱਖ ਟੈਲੀਵਿਜ਼ਨ ਚੈਨਲਾਂ ਦਾ ਨਿਯਮਤ ਭਾਗੀਦਾਰ ਹੈ।

ਜਦੋਂ ਵੀ ਉਹ ਪੰਜਾਬ ਆਉਂਦੇ ਹਨ ਤਾਂ 'ਚੰਨ ਜੰਡਿਆਲਵੀ' ਜੀ ਨੂੰ ਹਮੇਸ਼ਾ ਸਾਖਰਤਾ ਸਮਾਗਮਾਂ ਵਿੱਚ ਸੱਦਾ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਪੋਇਆਂਟਾ ਸਾਹਿਬ ਗੁਰਦੁਆਰੇ ਵਿੱਚ ਹਿੱਸਾ ਲੈਣ 'ਤੇ ਮਾਣ ਹੈ ਜਿੱਥੇ ਸਿੱਖ ਧਰਮ ਦੇ ਦਸਵੇਂ ਗੁਰੂ, ਸਰਬੰਸਦਾਨੀ, ਅੰਮ੍ਰਿਤ ਦੇ ਦਾਤੇ ਅਤੇ ਕਵੀਆਂ ਦੇ ਬਹੁਤ





ਸਤਿਕਾਰਯੋਗ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਵੱਖ-ਵੱਖ ਭਾਸ਼ਾਵਾਂ ਵਿੱਚ ਕਵੀ ਦਰਬਾਰ ਕਰਵਾਉਂਦੇ ਸਨ।

ਤਰਲੋਚਨ ਸਿੰਘ 'ਚੰਨ ਜੰਡਿਆਲਵੀ' ਸੁਰਿੰਦਰ ਕੌਰ {ਪੰਜਾਬ ਦੀ ਕੋਇਲ} ਦੁਆਰਾ ਗਾਇਆ ਗਿਆ ਬਹੁਤ ਮਸ਼ਹੂਰ ਗੀਤ 'ਮਧਾਣੀਆਂ' ਦੇ ਲੇਖਕ ਹਨ। ਇਹ ਗੀਤ ਇੰਨਾ ਮਸ਼ਹੂਰ ਸੀ ਕਿ ਇਸਨੂੰ ਵਿਆਹਾਂ ਅਤੇ ਹੋਰ ਪਾਰਟੀਆਂ ਦੇ ਮੌਕਿਆਂ 'ਤੇ ਪੰਜਾਬ ਦੇ ਲਗਭਗ ਹਰ ਪਿੰਡ ਵਿੱਚ ਵੱਡੇ ਸਪੀਕਰਾਂ ਰਾਹੀਂ ਸੁਣਿਆ ਜਾਂਦਾ ਸੀ।



ਪੰਜਾਬੀ ਅਤੇ ਅੰਗਰੇਜ਼ੀ ਔਨਲਾਈਨ ਅਖਬਾਰ ਸਮਾਜ ਵੀਕਲੀ ਦੇ ਸੰਪਾਦਕ ਦਵਿੰਦਰ ਚੰਦਰ ਨੇ ਕਿਹਾ, "ਚੰਨ ਜੀ ਇੱਕ ਬਹੁਤ ਹੀ ਦਿਆਲੂ ਦਿਲ ਵਾਲੇ ਵਿਅਕਤੀ ਹਨ, ਪੰਜਾਬੀ ਭਾਸ਼ਾ ਦੇ ਪ੍ਰੇਮੀ ਹਨ, ਅਤੇ ਜਿੱਥੇ ਵੀ ਉਹ ਜਾਂਦੇ ਹਨ, ਉਨ੍ਹਾਂ ਨੂੰ ਬਹੁਤ ਪਸੰਦ ਕੀਤਾ ਜਾਂਦਾ ਹੈ। ਮੈਂ ਬਹੁਤ ਖੁਸ਼ ਹਾਂ ਕਿ ਉਨ੍ਹਾਂ ਨੂੰ ਲਾਈਫਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ ਜਿਸਦਾ ਉਹ ਹੱਕਦਾਰ ਹੈ।"

ਪੰਜਾਬੀ ਲਿਸਨਰਸ ਕਲੱਬ 9 ਸਤੰਬਰ 1995 ਨੂੰ ਬੀਬੀਸੀ ਰੇਡੀਓ ਲੈਸਟਰ ਦੇ ਪੰਜਾਬੀ ਪ੍ਰੋਗਰਾਮ ਦੀ ਤੀਜੀ ਵਰ੍ਹੇਗੰਢ 'ਤੇ ਗਠਿਤ ਹੋਣ ਤੋਂ ਬਾਅਦ ਮਾਂ ਬੋਲੀ ਪੰਜਾਬੀ, ਸੱਭਿਆਚਾਰ ਅਤੇ ਸਿੱਖ ਧਰਮ ਨੂੰ ਉਤਸ਼ਾਹਿਤ ਕਰ ਰਿਹਾ ਹੈ ਅਤੇ ਯੂਕੇ ਰਜਿਸਟਰਡ ਚੈਰਿਟੀ ਲਈ ਹਜ਼ਾਰਾਂ ਪੌਂਡ ਇਕੱਠੇ ਕੀਤੇ ਹਨ।

ਪੰਜਾਬੀ ਲਿਸਨਰਸ ਕਲੱਬ ਦੇ ਕੋ-ਆਰਡੀਨੇਟਰ ਤਰਲੋਚਨ ਸਿੰਘ ਵਿਰਕ ਨੇ ਦੱਸਿਆ ਕਿ "30 ਸਾਲਾਂ ਵਿੱਚ ਅਸੀਂ ਚੰਨੀ ਸਿੰਘ ਓਬੀਈ ਅਲਾਪ ਗਰੁੱਪ ਨੂੰ ਪੰਜਾਬੀ ਗੀਤਾਂ ਅਤੇ ਸੰਗੀਤ ਦੀਆਂ ਸੇਵਾਵਾਂ ਲਈ ਲਾਈਫਟਾਈਮ ਅਚੀਵਮੈਂਟ ਨਾਲ ਸਨਮਾਨਿਤ ਕੀਤਾ ਹੈ; ਗਿਆਨੀ ਬਲਵਿੰਦਰ ਸਿੰਘ ਰੰਗੀਲਾ ਨੂੰ ਸਿੱਖ ਧਰਮ ਦੀ ਸੇਵਾ ਲਈ।



Writer chan Jandailvi jagdeep Rainu and his wife Harjit Kaur at Kanshi t.v

ਅਸੀਂ ਇਹ ਪੁਰਸਕਾਰ ਸਤੰਬਰ 2025 ਵਿੱਚ ਕਲੱਬ ਦੇ 30ਵੇਂ ਵਰ੍ਹੇਗੰਢ ਪੰਜਾਬੀ ਭਾਸ਼ਾ ਸੈਮੀਨਾਰ ਵਿੱਚ ਸਤਿਕਾਰਯੋਗ ਤਰਲੋਚਨ ਸਿੰਘ 'ਚੰਨ ਜੰਡਿਆਲਵੀ' ਨੂੰ ਦੇਣ ਦੀ ਯੋਜਨਾ ਬਣਾਈ ਸੀ ਪਰ ਹੋਰ ਵਚਨਬੱਧਤਾਵਾਂ ਕਾਰਨ 'ਚੰਨ ਜੰਡਿਆਲਵੀ' ਜੀ ਸ਼ਾਮਲ ਨਹੀਂ



ਹੋ ਸਕੇ। ਮੈਨੂੰ ਖੁਸ਼ੀ ਹੈ ਕਿ ਉਨ੍ਹਾਂ ਦੇ ਜਨਮਦਿਨ ਦੀਆਂ ਮੁਬਾਰਕਾਂ ਤੋਂ ਕੁਝ ਦਿਨ ਬਾਅਦ ਉਨ੍ਹਾਂ ਦੀ ਯੋਗ ਟਰਾਫੀ ਉਨ੍ਹਾਂ ਨੂੰ ਭੇਟ ਕੀਤੀ ਗਈ ਹੈ। ਅਸੀਂ ਉਨ੍ਹਾਂ ਦੀ ਚੰਗੀ ਸਿਹਤ ਅਤੇ ਖੁਸ਼ੀ ਦੀ ਕਾਮਨਾ ਕਰਦੇ ਹਾਂ।"

ਤਰਲੋਚਨ ਸਿੰਘ 'ਚੰਨ ਜੰਡਿਆਲਵੀ' ਨੇ ਕਿਹਾ, "ਮੈਂ ਪੰਜਾਬੀ ਲਿਸਨਰਸ ਕਲੱਬ ਅਤੇ



ਖਾਸ ਕਰਕੇ ਵਿਰਕ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜੋ ਮਾਂ ਬੋਲੀ ਪੰਜਾਬੀ ਨੂੰ ਸੱਚਮੁੱਚ ਪਿਆਰ ਕਰਦੇ ਹਨ। ਵਾਹਿਗੁਰੂ ਜੀ ਉਨ੍ਹਾਂ ਨੂੰ ਹੋਰ ਵੀ ਤਾਕਤ ਅਤੇ ਹਿੰਮਤ ਦੇਣ ਤਾਂ ਜੋ ਉਹ ਪੰਜਾਬੀ ਅਤੇ ਸਿੱਖ ਭਾਈਚਾਰੇ ਦੀ ਸੇਵਾ ਕਰਦੇ ਰਹਿ ਸਕਣ।"

# SARBANSDANI GURU GOBIND SINGH JI GURPJRB CELEBRATION IN LEICESTER UK

**THE ASIAN INDEPENDENT UK**

Be Fearless in the Pursuit of "Justice and Truth" "Love All Serve All" and Stand against Tyranny and Oppression." Guru Gobind Singh Ji

I tell the truth that all may hear, He who loves, he alone has found God...Guru Gobind Singh Ji

Gurpurb of Sarbansdani Guru Gobind Singh Ji was celebrated at Guru Nanak Gurdwara Holy Bones Leicester on Sunday 11 January 2026 with a Turban Tying Competition and Kavi Darbar organised by the 1995 formed voluntary organisation Punjabi Listeners Club was successful in which King Charles' representative Rob Nixon Deputy Lieutenant gave a speech from the stage of the Gurdwara and presented trophies to winners of the Turban Tying Competition and participants of the Kavi Darbar.

The major achievements of Guru Ji were:

Creation of the Khalsa...a community of initiated warriors in 1699 at Anandpur Sahib in Punjab known as the pure.

Eternal Guru...Declared the Guru Granth Sahib Ji { Sikh Holy Scripture } as the final eternal Guru, ending the line of Human Gurus.,

Compilation of Texts... Finalised the Adi Granth and authored the Dasam Granth a collection of hymns central to Sikh prayers and rituals.

Introduction of the 5K s...Mandated the wearing of the five articles of faith {Kesh, Kashera, Kirpan, Kara, Kanga} as visible signs of Sikh identity

Spiritual and Miltary Leadership.....Develo ped the "Saint-Soldier" ideal, inspiring Sikhs with courage and self-sacrifice to resist oppression,

Defined Sikh Identity...gave Sikhism its present-day structure, rituals, and strong sense of collective identity, emphasizing equality and service.



Zafarnama...wrote a letter to Mughal Empower {Zafarnama} Aurangzeb denouncing his broken oaths and asserting moral victory over tyranny.

All the above contribution established Sikhism as a powerful spiritual and socio-political force, inspiring Sikhs to uphold justice and righteousness.

The Turban Tying Competition was held in the basement gym of the Gurdwara sahib. The participants had brought their own turbans and mirrors.



Jaspal Singh Kang, one of the judges said it was very pleasing to see the participants in their Sikhi 'Banna'. He also said Sikh children and youth who wear the turban to schools, colleges and universities automatically promote Sikh religion. Head of the judges Balinder Singh Samra who has been doing sewa for the local Sikh community for decades pointed out that in deciding the winners we took note of time taken to do the Dastar, length of the Dastar and how good the appearance of the Dastar when completed.

Winner in the 7-10 years age group was Anmol Singh Dhillon. The winner in the 11-14 years age group was Sukhdeep Singh Dhillon. The Runner-Up in the 11-14 years age group was Kanvarveer Singh Bedi. All these winners and runner-up were also presented with a trophy for doing their turbans in the special Dumala Style.

In November 1976, Her Majesty The Queen gave her Royal Ascent to a Bill to exempt turbanned Sikhs from having to wear crash-halmets when riding a motocycle: The motor-cycle . Crash-Helmets Act, 1976. This took about 3 years to achieve and was a story of human kindness, religious and philosophical toleration in Britan......The Turban Victory, Sydney Bidwell MP Southall-Ealing

The Guest of Honour Rob Nixon Deputy Lieutenant thanked the organisers for inviting him and said it was a great privilege to join the congregation on the birthday of Guru Gobind Singh Ji. The standard in the Turban Tying was clearly very high and it is linked to your culture. Those who took part made their community proud. I have come here on behalf of Lord Lieutenant of Leicestershire Mike Kapur OBE who is the local representative of His Majesty King Charles. So in effect I am representing the Royal family. Guru Gobind Singh Ji teachings were of courage, justice and equality. The former Chief Constable of Leicestershire Police pointed out that he is no stranger to the city of Leicester and this place of worship which has done excellent work for the local Leicester community due to which this Gurdwara was chosen to be visited by Her Majesty The Queen during her Golden Jubilee celebrations. This was a massive honour for Guru Nanak Gurdwara for which you should all be very proud.

Sulakhan Singh Dard, British Empire Medal BEM and British Heart Foundation Ambessoder congratulated everyone on the Gurpurb of Sarbansdani Guru Gobind Singh Ji and thanked Guru Nanak Gurdwara and Punjabi Listeners Club for organising this very important celebrations. He also pointed out that Mr Virk has been promoting Punjabi Language and Sikh religion for over 30 years and we should support him so he can continue to organise such high-level events.

Kuldio Singh Bhamrah Quenn's Ambulance Medal QAM sent letter to Tarlochan Singh in which he stated "As always you have organised a brilliant programme to celebrate the Guru Gobind Singh Ji Gurpurb with various activities. It would have been a pleasure to see other prominent members of our community. May Waheguru Ji bless you with good health and success for continuing your enthusiasm to promote: Punjabi Language within the community and doing sewa of raising funds

**(continew page 19)**

# SARBANSDANI GURU GOBIND SINGH JI GURPJRB CELEBRATION IN LEICESTER UK

for UK registered charities. Keep it up.
Stage secretary Suk Steve read a letter dated 15.12.2025 from Pro – Vice Chancellor Guru Kashi University, Bathinda, Punjab, Dr Jagtar Singh Dhiman in which he wrote to Mr. Virk “ I am particularly pleased to learn that you are organizing a programme dedicated to the supreme sacrifice of the Tenth Master, Sri Guru Gobind Singh Ji, whose life and teachings continue to inspire courage, selfless service, equality and moral strength across generations. Such programmes play a vital role in nurturing spiritual awareness and cultural pride among the youth, especially in the diaspora. I convey my heartfelt good wishes for the grand success of this noble event.”

A pillar of Punjabi Media and Journalism for four decades and editor of Punjab Times published daily in Punjabi and English in India and Canada Baljit Singh Brar sent a letter to organisers on 13 December 2025 in which he stated” The life of Sarbansdani Guru Gobind Singh Ji stands as a timeless beacon of sacrifice, bravery, justice and devotion to humanity. His teachings inspire us to uphold truth, equality, self-respect, and service to others, even in the face of a d v e r s i t y . Remembering and reflecting on Guru Ji’s legacy through educational and cultural platforms helps keep these values alive in our daily lives. The Dastar Mukabla instills pride, discipline and confidence in children, reinforcing the significance of identity and tradition, while the Kavi Darbar provides a creative space for minds to express thoughts rooted in Sikh philosophy and Punjabi heritage. I commend the Punjabi Listeners Club, Uk, and Sardar Tarlochan Singh Ji Virk for their dedication and vision and I wish the programme every success in strengthening community bonds and passing our rich legacy to future generations.”



Oadby Councillor Santokh Singh Athwal local poet congratulated everyone on Guru Ji Gurpurb, read his poem and Geet for about five minutes and pointed out that despite not in the best of health Virk Sahib must be congratulated for his efforts in organising such top-level event for our community. Another Leicester poet Ram Singh Pharwala regularly participates in Kavi Darbars in different Gurdwara Sahibs such as Gurdwara Dasmesh Darbar, Guru Tegh Bahadur Gurdwara and Gurdwara Sri Guru HarKrishan Sahib read his poem from the stage which was well appreciated by the congregation.



Before going heavenly abode Guru Gobind Singh Ji bowed and placed five coins and coconut in front of Guru Granth Sahib Ji compiled at Dam Dama Sahib and addressing the congregation said “ As ordained by the Lord, a new way of life has evolved. All the Sikhs are asked to accept the Holy Granth as the Guru. Guru Granth Sahib should be accepted as the living Guru. Those who wish to meet God, will find Him in the holy Word.”



AJMER SINGH BASRA
GURU NANAK GURDWARA LEICESTER

President of Guru Nanak Gurdwara, Ajmer Singh Basra congratulated everyone on the Gurpurb of Sarbansdani Guru Gobind Singh Ji, thanked Rob Nixon DL, poets , special guests, children who took part in the Turban Tying Competition and their parents and relatives, Punjabi Listeners Club and Sadh Sangat Ji for making the event successful.

Tarlochan Singh Virk, Co-Ordinator Punjabi Listeners Club thanked Sukhdev Singh Atwal of Kabin King Derby, Santokh Singh of Knighton Self-Service Welford Road Leicester, Lieutenancy Office of Leicestershire County Council , Amarjit Singh Bahia, Councillor Kulwinder Singh Johal and all those who contributed and hope to have similar support in future.

The GURPURB CELEBRATIONS WERE RECORDED AND SHOWN ON AKAAL CHANNEL on SUNDAY 18.01.2026.

Tarlochan Singh Virk

TAGS#asianindependent.uk#theasianindependentSARBANSDANI GURU GOBIND SINGH JI GURPJRB CELEBRATION IN LEICESTER UK

Previous article
Seven-Day NSS Camp inaugurated at Rayat College of Law



Next article
Greetings on the Republic Day, January 26
D C
D C
RELATED ARTICLESMORE FROM AUTHOR
Why is Bangladesh Cricket Board So Quiet About P a k i s t a n ’ s “Solidarity”?
A United Nations for Today’s World
When Trust Breaks Down: Why People Have Lost Faith in the National Grooming Gangs Inquiry

he controversy began when a video appeared on Donald Trump’s social media account
The controversy began when a video appeared on Donald Trump’s social media account
EDITOR PICKS
Why is Bangladesh Cricket Board So Quiet About P a k i s t a n ’ s “Solidarity”?
February 8, 2026

A United Nations for Today’s World
February 8, 2026

When Trust Breaks Down: Why People Have Lost Faith in the...
February 8, 2026
POPULAR POSTS

Six on board crashed helicopter found alive in Malaysia
October 27, 2022

Cops lodge FIR after Honey Singh claims threat from Goldy Brar
June 22, 2023

Ancient, well-preserved bronze sword found in Germany
June 17, 2023
POPULAR CATEGORY
HOME21655
WORLD16771
INDIA13609
SPORTS3992
UK3095
BUSINESS1587
HEALTH1504
ARTICLES1032
ABOUT US
FOLLOW US

**Tarlochan Singh Virk**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com